ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post
Vol 18 * Issue 72
Daily Newspaper Friday, April 12, 2019
Tel: 905-793-2202 Fax: 905-793-2282 news@punjabipost.ca

Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
20 Maritime Blvd. Unit #11, Brampton, L6S0C2

# ਸੁਪਰੀਮ ਕੋਰਟ ਦੀ ਨਿਯੁਕਤੀ ਦੌਰਾਨ ਲੀਕ ਹੋਈ ਜਾਣਕਾਰੀ ਦਾ ਅਧਿਐਨ ਨਹੀਂ ਕਰੇਗੀ ਹਾਊਸ ਦੀ ਨਿਆਂ ਕਮੇਟੀ



ਓਟਵਾ, 11 ਅਪਰੈਲ (ਪੋਸਟ ਬਿਊਰੋ) : ਸੁਪਰੀਮ ਕੋਰਟ ਦੇ ਜੱਜ ਦੀ ਨਿਯੁਕਤੀ ਦੇ ਸਬੰਧ ਵਿੱਚ ਜੋਡੀ ਵਿਲਸਨ ਰੇਅਬੋਲਡ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਰਮਿਆਨ ਕਈ ਸਾਲ ਪਹਿਲਾਂ ਤੋਂ ਹੀ ਪੈਦਾ ਹੋਏ ਤਣਾਅ ਬਾਬਤ ਲੀਕ ਹੋਈਆਂ ਰਿਪੋਰਟਾਂ ਬਾਰੇ ਹਾਊਸ ਦੀ ਨਿਆਂ ਕਮੇਟੀ ਨੇ ਕਿਸੇ ਵੀ ਤਰ੍ਹਾਂ ਦਾ ਅਧਿਐਨ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਹੈ।

ਕੰਜ਼ਰਵੇਟਿਵਾਂ ਤੇ ਐਨਡੀਪੀ ਦੀ ਮੰਗ ਉੱਤੇ ਇਹ ਵਿਚਾਰ ਵਟਾਂਦਰਾ ਕਰਨ ਲਈ ਸੱਦੀ ਗਈ ਮੀਟਿੰਗ ਕਿ ਸੁਪਰੀਮ ਕੋਰਟ ਦੀ ਨਿਯੁਕਤੀ ਪ੍ਰਕਿਰਿਆ ਵਿੱਚ ਕਥਿਤ ਤੌਰ ਉੱਤੇ ਭਰੋਸੇ ਦੀ ਹੋਈ ਉਲੰਘਣਾਂ ਦੀ ਜਾਂਚ ਕਰਵਾਈ ਜਾਵੇ ਜਾਂ ਨਾ ਬਾਰੇ ਕਮੇਟੀ ਵਿੱਚ ਮੌਜੂਦ ਲਿਬਰਲ ਐਮਪੀਜ਼ ਨੇ ਇਨਕਾਰ ਕਰ ਦਿੱਤਾ। ਇਸ ਸਬੰਧੀ ਮਤਾ ਕੰਜ਼ਰਵੇਟਿਵ ਐਮਪੀ ਮਾਈਕਲ ਕੂਪਰ ਵੱਲੋਂ ਪੇਸ਼ ਕੀਤਾ ਗਿਆ ਸੀ। ਜਿਸ ਵਿੱਚ ਇਹ ਮੰਗ ਕੀਤੀ ਗਈ ਸੀ ਕਿ ਸੁਪਰੀਮ ਕੋਰਟ ਆਫ ਕੈਨੇਡਾ ਦੀ ਚੋਣ ਪ੍ਰਕਿਰਿਆ ਵਿੱਚ ਜਾਣਕਾਰੀ ਲੀਕ ਹੋਣ ਦੇ ਗੰਭੀਰ ਮੁੱਦੇ ਦਾ ਅਧਿਐਨ ਕਰਨ ਲਈ ਹਾਊਸ ਕਮੇਟੀ ਵਾਧੂ ਘੰਟੇ ਦੇਵੇ। ਇਹ ਵੀ ਮੰਗ ਕੀਤੀ ਗਈ ਕਿ ਇਸ ਦੀ ਰਿਪੋਰਟ ਮਈ ਦੇ ਅੰਤ ਤੱਕ ਵਾਪਿਸ ਕੀਤੀ ਜਾਵੇ।

ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਪ੍ਰਾਪਤ ਹੋਈਆਂ ਰਿਪੋਰਟਾਂ ਅਨੁਸਾਰ ਵਿਲਸਨ ਰੇਅਬੋਲਡ 2017 ਵਿੱਚ ਮੈਨੀਟੋਬਾ ਦੇ ਜੱਜ ਗਲੈਨ ਡੀ ਜੌਇਲ ਨੂੰ ਸੁਪਰੀਮ ਕੋਰਟ ਦਾ ਜੱਜ ਲਵਾਉਣਾ ਚਾਹੁੰਦੀ ਸੀ ਤੇ ਇਹ ਵੀ ਚਾਹੁੰਦੀ ਸੀ ਕਿ ਉਹ ਚੀਫ ਜਸਟਿਸ ਦੀ ਭੂਮਿਕਾ ਵੀ ਨਿਭਾਉਣ। ਪਰ ਟਰੂਡੋ ਨੇ ਉਸ ਦੀ ਚੋਣ ਨੂੰ ਰੱਦ ਕਰ ਦਿੱਤਾ। ਇਸ ਸਾਰੀ ਘਟਨਾ ਤੋਂ ਜਾਣੂ ਸੂਤਰ ਨੇ ਦੱਸਿਆ ਕਿ ਇਹੋ ਹੀ ਉਹ ਸਮਾਂ ਸੀ ਜਦੋਂ ਟਰੂਡੋ ਤੇ ਰੇਅਬੋਲਡ ਦੇ ਸਬੰਧਾਂ ਵਿੱਚ ਦਰਾਰ ਆਉਣੀ ਸ਼ੁਰੂ ਹੋ ਗਈ। ਇਸ ਦਾ ਖੁਲਾਸਾ ਐਸਐਨਸੀ-ਲਾਵਾਲਿਨ ਘਪਲੇ ਦਰਮਿਆਨ ਹੋਇਆ। ਜਿਵੇਂ ਹੀ ਇਹ ਮਾਮਲਾ ਸਾਹਮਣੇ ਆਇਆ ਜੌਇਲ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਉਸ ਨੇ ਇਸ ਸੀਟ ਲਈ ਅਪਲਾਈ ਕੀਤਾ ਸੀ ਪਰ ਨਿਜੀ ਕਾਰਨਾਂ ਕਰਕੇ ਉਸ ਨੇ ਆਪਣਾ ਨਾਂ ਵਾਪਿਸ ਲੈ ਲਿਆ ਸੀ।

ਪੰਜਾਬੀ ਪੋਸਟ ਅਦਾਰੇ ਵੱਲੋਂ ਸਾਰੇ ਕੈਨੇਡਾ ਵਾਸੀਆਂ ਨੂੰ ਵਿਸਾਖੀ ਦੀਆਂ ਬਹੁਤ-ਬਹੁਤ ਵਧਾਈਆਂ। ਅਦਾਰਾ ਇਹ ਕਾਮਨਾ ਕਰਦਾ ਹੈ ਕਿ ਆਉਣ ਵਾਲਾ ਸਮਾਂ ਸਾਰਿਆਂ ਲਈ ਖੁਸ਼ੀਆਂ ਤੇ ਤੰਦਰੁਸਤੀਆਂ ਭਰਿਆ ਹੋਵੇ।

# ਸਪੀਕਰ ਨੇ ਫਿਲਪੌਟ ਦੇ ਦਾਅਵੇ ਨੂੰ ਕੀਤਾ ਖਾਰਜ



ਓਟਵਾ, 11 ਅਪਰੈਲ (ਪੋਸਟ ਬਿਊਰੋ) : ਸਪੀਕਰ ਜੈੱਫ ਰੀਗਨ ਨੇ ਸਪਸ਼ਟ ਕੀਤਾ ਕਿ ਜੇਨ ਫਿਲਪੌਟ ਦੇ ਇਸ ਦਾਅਵੇ ਉੱਤੇ ਫੈਸਲਾ ਦੇਣਾ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦਾ ਕਿ ਪ੍ਰਧਾਨ ਮੰਤਰੀ ਨੇ ਲਿਬਰਲ ਕਾਕਸ ਵਿੱਚੋਂ ਉਸ ਨੂੰ ਤੇ ਜੋਡੀ ਵਿਲਸਨ ਰੇਅਬੋਲਡ ਨੂੰ ਬਾਹਰ ਕਰਨ ਸਮੇਂ ਪਾਰਲੀਆਮੈਂਟਰੀ ਕਾਨੂੰਨ ਦੀ ਉਲੰਘਣਾ ਕੀਤੀ ਸੀ।

ਵੀਰਵਾਰ ਨੂੰ ਹਾਊਸ ਆਫ ਕਾਮਨਜ਼ ਵਿੱਚ ਰੀਗਨ ਨੇ ਆਖਿਆ ਕਿ ਉਹ ਇਹ ਨਹੀਂ ਤੈਅ ਕਰ ਪਾ ਰਹੇ ਕਿ ਮਾਰਖਮ ਸਟੱਫਵਿੱਲੇ ਤੋਂ ਮੈਂਬਰ ਨੂੰ ਉਨ੍ਹਾਂ ਦੀ ਪਾਰਲੀਆਮੈਂਟਰੀ ਡਿਊਟੀ ਕਰਨ ਤੋਂ ਰੋਕਿਆ ਗਿਆ। ਇਸ ਲਈ ਪਹਿਲੀ ਨਜ਼ਰੇ ਇਹ ਵਿਸ਼ੇਸ਼ ਅਧਿਕਾਰ ਦਾ ਸਵਾਲ ਹੀ ਨਹੀਂ ਹੈ। ਇਸ ਤੋਂ ਇਲਾਵਾ ਉਨ੍ਹਾਂ ਇਹ ਵੀ ਆਖਿਆ ਕਿ ਕਾਕਸ ਦੀਆਂ ਅੰਦਰੂਨੀ ਵੋਟਾਂ ਬਾਰੇ ਕੁੱਝ ਤੈਅ ਕਰਨ ਵਿੱਚ ਸਪੀਕਰ ਦੀ ਕੋਈ ਭੂਮਿਕਾ ਨਹੀਂ ਹੁੰਦੀ।

ਜ਼ਿਕਰਯੋਗ ਹੈ ਕਿ ਮੰਗਲਵਾਰ ਨੂੰ ਫਿਲਪੌਟ ਨੇ ਹਾਊਸ ਆਫ ਕਾਮਨਜ਼ ਵਿੱਚ ਖੜ੍ਹੇ ਹੋ ਕੇ ਇਹ ਆਖਿਆ ਸੀ ਕਿ ਪ੍ਰਧਾਨ ਮੰਤਰੀ ਟਰੂਡੋ ਨੇ ਬਿਨਾਂ ਕਾਕਸ ਤੋਂ ਵੋਟ ਕਰਵਾਇਆਂ ਉਨ੍ਹਾਂ ਨੂੰ ਕਾਕਸ ਵਿੱਚੋਂ ਕੱਢ ਕੇ ਮੈਂਬਰ ਪਾਰਲੀਆਮੈਂਟ ਵਜੋਂ ਉਨ੍ਹਾਂ ਦੇ ਅਧਿਕਾਰਾਂ ਦੀ ਉਲੰਘਣਾਂ ਕੀਤੀ।

# ਖਾਲਸਾ ਏਡ ਵੱਲੋਂ ਫੰਡ ਰੇਜ਼ਿੰਗ 11 ਮਈ ਨੂੰ



## ਰਵੀ ਸਿੰਘ ਹੋਣਗੇ ਮੁੱਖ ਮਹਿਮਾਨ




ਬਰੈਂਪਟਨ, 11 ਅਪ੍ਰੈਲ (ਪੋਸਟ ਬਿਊਰੋ)- ਕੱਲ੍ਹ ਸਪ੍ਰੈਂਜਾ ਬੈਂਕੁਇਟ ਹਾਲ ਵਿਖੇ ਖਾਲਸਾ ਏਡ ਸੁਸਾਇਟੀ ਦੇ ਵਲੰਟੀਅਰਜ਼ ਵਲੋਂ ਪ੍ਰੈਸ ਕਾਨਫਰੰਸ ਦੌਰਾਨ ਇਹ ਦੱਸਿਆ ਗਿਆ ਕਿ 11 ਮਈ ਨੂੰ ਖਾਲਸਾ ਏਡ ਸੁਸਾਇਟੀ ਵੱਲੋਂ ਇਕ ਵੱਡਾ ਫੰਡ ਰੇਜ਼ ਕੀਤਾ ਜਾ ਰਿਹਾ ਹੈ। ਇਹ ਫੰਡ ਰੇਜ਼ ਬਰੈਂਪਟਨ ਸਥਿਤ ਸਪ੍ਰੈਂਜਾ ਬੈਂਕੁਇਟ ਹਾਲ ਵਿਖੇ ਹੋਵੇਗਾ, ਜਿਸ ਵਿਚ 800 ਸੀਟਾਂ ਦਾ ਪ੍ਰਬੰਧ ਕੀਤਾ ਜਾਵੇਗਾ। ਖਾਲਸਾ ਏਡ ਦੇ ਫਾਊਂਡਰ ਮੈਂਬਰ ਰਵੀ ਸਿੰਘ ਇਸ ਪ੍ਰੋਗਰਾਮ ਵਿਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਖਾਲਸਾ ਏਡ ਸੁਸਾਇਟੀ 1999 ਵਿਚ ਹੋਂਦ ਵਿਚ ਆਈ ਸੀ। ਇੰਗਲੈਂਡ ਸਥਿਤ ਇਸ ਸੰਸਥਾ ਨੇ ਦੁਨੀਆ ਭਰ ਦੇ ਵੱਖ-ਵੱਖ ਮੁਲਕਾਂ ਵਿਚ ਜਿਥੇ ਕਿਤੇ ਵੀ ਲੋੜਵੰਦਾਂ ਨੂੰ ਜ਼ਰੂਰਤ ਹੈ, ਜਾ ਕੇ ਉਨ੍ਹਾਂ ਦੀ ਮੱਦਦ ਕੀਤੀ ਹੈ। ਖਾਲਸਾ ਏਡ ਦੇ ਨੁਮਾਇੰਦਿਆਂ ਨੇ ਦੱਸਿਆ ਕਿ ਫੰਡ ਰੇਜ਼ਿੰਗ ਡਿਨਰ ਵਿਚ ਸਾਡੀ ਪੂਰੀ ਕੋਸ਼ਿਸ਼ ਹੋਵੇਗੀ ਕਿ ਇਹ ਪੂਰਾ ਟੇਬਲ ਦਿੱਤਾ ਜਾਵੇ, ਜਿਸ ਦੀ ਡੋਨੇਸ਼ਨ 1300 ਡਾਲਰ ਰੱਖੀ ਗਈ ਹੈ। ਇੰਡੀਵਿਜੁਅਲ ਟਿਕਟ ਦੀ ਕੀਮਤ 130 ਡਾਲਰ ਰੱਖੀ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਕੁੱਝ ਪਰਿਵਾਰ ਇਕੱਠੇ ਹੋ ਕੇ ਇਕ-ਇਕ ਟੇਬਲ ਲੈ ਲੈਣ ਤਾਂ ਸਾਡੇ ਲਈ ਸੀਟਿੰਗ ਦਾ ਬੰਦੋਸਤ ਕਰਨਾ ਆਸਾਨ ਰਹੇਗਾ। ਉਨ੍ਹਾਂ ਕਿਹਾ ਕਿ ਇਸ ਮੌਕੇ ਖਾਲਸਾ ਏਡ ਸੁਸਾਇਟੀ ਦੇ ਰਵੀ ਸਿੰਘ ਆਪਣੇ ਚੱਲ ਰਹੇ ਤੇ ਭਵਿੱਖ ਵਿਚ ਕੀਤੇ ਜਾਣ ਵਾਲੇ ਪ੍ਰਾਜੈਕਟਾਂ ਬਾਰੇ ਵੀ ਜਾਣਕਾਰੀ ਦੇਣਗੇ। ਪ੍ਰੈੱਸ ਕਾਨਫਰੰਸ ਵਿਚ ਪਰਮਿੰਦਰ ਸਿੰਘ, ਗੁਰਪ੍ਰਤਾਪ ਸਿੰਘ, ਕੁਲਵਿੰਦਰ ਸਿੰਘ ਪੱਤੜ, ਗੁਰਚਰਨ ਸਿੰਘ ਤੇ ਅਮਰਿੰਦਰ ਸਿੰਘ ਨੇ ਹਿੱਸਾ ਲਿਆ। ਇਸ ਪ੍ਰੋਗਰਾਮ ਦੀ ਜ਼ਿਆਦਾ ਜਾਣਕਾਰੀ ਲਈ 647-460-4085 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਫੈਡਰਲ ਲੇਬਰ ਮੰਤਰੀ ਵੱਲੋਂ ਫੋਰਡ ਸਰਕਾਰ ਨੂੰ ਵਿਦਿਆਰਥੀ ਲੋਨ ਵਿਚ ਤਬਦੀਲੀਆਂ ਨਾ ਕਰਨ ਦੀ ਅਪੀਲ

ਓਟਵਾ, 11 ਅਪਰੈਲ (ਪੋਸਟ ਬਿਊਰੋ) : ਫੈਡਰਲ ਲੇਬਰ ਮੰਤਰੀ ਵੱਲੋਂ ਓਨਟਾਰੀਓ ਸਰਕਾਰ ਨੂੰ ਆਪਣਾ ਉਹ ਫੈਸਲਾ ਬਦਲਣ ਲਈ ਆਖਿਆ ਜਾ ਰਿਹਾ ਹੈ ਜਿਸ ਵਿੱਚ ਪ੍ਰੋਵਿੰਸੀਅਲ ਅਸਿਸਟੈਂਸ ਪ੍ਰੋਗਰਾਮ ਵਿੱਚ ਤਬਦੀਲੀਆਂ ਕੀਤੇ ਜਾਣ ਦੀ ਗੱਲ ਕੀਤੀ ਗਈ ਹੈ। ਪੈਟੀ ਹਾਜਦੂ, ਜੋ ਕਿ ਫੈਡਰਲ ਸਟੂਡੈਂਟ ਸਪੋਰਟ ਪ੍ਰੋਗਰਾਮਜ ਦੀ ਨਿਗਰਾਨੀ ਕਰਦੀ ਹੈ, ...ਬਾਕੀ ਪੰਨਾ 6 'ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

INSURANCE
Home, Auto, Business, Trucking, R.E.S.P, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ਕੀ ਤੁਸੀ ਕਾਕਰੋਚ, ਚੁੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

INSURANCE
Life / Disability / Critical Illness
Super Visa / Visitor / Travel /
RRSP / RESP /
Punjab Insurance Inc
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
Jasbir Singh Hundal Qualified Credit Counsellor
416-502-3100
Unit #20 - 7015 Tranmere Drive Mississauga, ON L5S 1T7

HSBA TAX SERVICES
Personal/Corporation Tax
Bookkeeping Services
Business/Corporation Registration
HST/WSIB/ Payroll Tax
Tax Planning/Audits
Financial Statements
647-720-5278 Prabhjot Kaur
Email: info@hsbatax.com Sr. Accountant, M.B.A
20% Discount *For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator
647.990.3205

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001



PUNJAB SINDH FINANCE
TRUCK/TRAILER
LOAN & REFINANCE

PUNJABSINDH FINANCE
EVERY $ MAKES A DIFFERENCE

ਨਵੇਂ ਪੁਰਾਣੇ ਟ੍ਰਕਾਂ/ਟ੍ਰੇਲਰਾਂ ਦੀ ਕੁਝ ਹੀ ਘੰਟਿਆਂ ਵਿੱਚ
Financing/Refinancing ਦਾ ਪੂਰਾ ਪ੍ਰਬੰਦ

- Quick Loan Approval Guranteed
- Bad credit........ No Problem
- Low Down Payment
- Lowest Rate of Interest
- Paper Work...... Minimum
- Best Flexible Terms & Conditions

Gary Chatha
President
647.227.3385
info@punjabsindhfinance.com
905.440.0000

6665 Tomken Rd #202, Mississauga, ON L5T 2C5 (Tomken/Midway)



TOTAL HOME Windows & Doors
ਮਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!

WINTER & SPRING SPECIAL SALE

- WINDOWS
- FIBERGLASS DOORS
- STEEL DOORS
- SLIDING PATIO DOORS

Guaranteed lowest Price up to 50% OFF

- Honest & fair prices
- Professional installation
- High quality products
- First class service



For 5 Stars Reviews Online & Testimonial visit:
https://thwindowsdoors.com/testimonials/

Phone: 416-661-6666 | Toll Free: 1-855-550-0610

7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com



JR Chartered Professional Accountant
Rajwinder Johal
PROFESSIONAL CORPORATION

**TAX SEASON!!!**
**For all your Accounting and Tax needs call 416 823 2556**

**Services offered:**
- Personal Taxes starting at $40
- New business incorporation starting at $50
- Corporate taxes starting at $100
- Full Charge Bookkeeping and Accounting (monthly rate starting at $100), includes following: Accounts Receivable/ Payable/ Bank and Credit Card Reconciliations. Payroll preparation and source deduction filing. HST and WSIB registration Government remittances (HST/ ROE/ all T - slips and T4s. ***QuickBooks online will be used, which provides you with an access to you books from anywhere the world.***

**Please contact me today for more information!**
**Or visit my website: www.rjohalcpa.ca or Call (416) 823 2556.**



ਮੂੰਹੋ ਬੋਲਦੀ Kitchen and Washroom ਬਣਵਾਓ

**Pearson**
**Kitchen & Cabinet**

Free Estimate
We Specialize in granite, quartz & marble countertops



We Specialize In:
100% Satisfaction On Time

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor



ਵਾਜਿਬ ਦਾਮ ਤੇ ਸਮੇਂ ਸਿਰ ਕੰਮ
Call **Vikramjit Sangha: 416-200-0931**

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)






chatr
AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਪਹਿਲੇ ਗੇੜ ਲਈ ਪਈਆਂ ਨੇ ਅੱਜ ਵੋਟਾਂ,
ਛਿੜ ਗਿਆ ਨਾਲ ਹੈ ਨਵਾਂ ਵਿਵਾਦ ਬੇਲੀ।
ਚੋਣ ਜ਼ਾਬਤਾ ਕਹਿੰਦੇ ਗਿਆ ਟੁੱਟ ਕਿਧਰੇ,
ਗੜਬੜ ਹੋਣ ਦੀ ਕਿਤੇ ਫਰਿਆਦ ਬੇਲੀ।
ਕਿਧਰੇ ਚਰਚਾ ਮਸ਼ੀਨ ਦੀ ਹੋਈ ਫਿਰ ਤੋਂ,
ਕਰ ਗਈ ਕਿਰਕਿਰਾ ਓਹੀ ਸਵਾਦ ਬੇਲੀ।
ਕਹਿੰਦੇ ਕਿਤੇ ਨਾ ਸੁਣੀ ਸ਼ਿਕਾਇਤ ਜਾਂਦੀ,
ਹੋਇਆ ਸਿਰਫ ਹੈ ਸਮਾਂ ਬਰਬਾਦ ਬੇਲੀ।
ਆਗਾਜ਼ ਅੱਛਾ ਜੇ ਹੋਵੇ ਤਾਂ ਕਹਿਣ ਲੋਕੀਂ,
ਹੋ ਗਈ ਅੱਗੋਂ ਵੀ ਭਲੀ ਦੀ ਆਸ ਬੇਲੀ।
ਪਹਿਲੇ ਗੇੜ ਵਿੱਚ ਜਿੰਦਾਂ ਵਿਵਾਦ ਡਿੱਠੇ,
ਮਨ ਹੈ ਕਈਆਂ ਦਾ ਬੜਾ ਉਦਾਸ ਬੇਲੀ।

ਤੀਸ ਮਾਰ ਖਾਂ

# ਪ੍ਰੋਵਿੰਸ ਵੱਲੋਂ ਐਲਾਨੀਆਂ ਕਟੌਤੀਆਂ ਕਾਰਨ ਓਨਟਾਰੀਓ ਸਕੂਲ ਬੋਰਡ ਨੂੰ ਹੋਵੇਗਾ 28.7 ਮਿਲੀਅਨ ਡਾਲਰ ਦਾ ਨੁਕਸਾਨ

ਟੋਰਾਂਟੋ, 11 ਅਪਰੈਲ(ਪੋਸਟ ਬਿਊਰੋ) : ਓਨਟਾਰੀਓ ਦੇ ਸੱਭ ਤੋਂ ਵੱਡੇ ਸਕੂਲ ਬੋਰਡ ਦਾ ਕਹਿਣਾ ਹੈ ਕਿ ਪ੍ਰੋਵਿੰਸ ਵੱਲੋਂ ਫੰਡਿੰਗ ਵਿੱਚ ਕੀਤੀਆਂ ਜਾ ਰਹੀਆਂ ਤਬਦੀਲੀਆਂ ਕਾਰਨ ਅਗਲੇ ਸਾਲ ਬੋਰਡ ਨੂੰ 28.7 ਮਿਲੀਅਨ ਡਾਲਰ ਦੀ ਕਮੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਹ ਖੁਲਾਸਾ ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਦੀ ਬਜਟ ਕਮੇਟੀ ਵੱਲੋਂ ਪੇਸ ਕੀਤੇ ਗਏ ਦਸਤਾਵੇਜ ਵਿੱਚ ਆਖਿਆ ਗਿਆ।



ਜਿਕਰਯੋਗ ਹੈ ਕਿ ਪਿਛਲੇ ਮਹੀਨੇ ਪ੍ਰੋਗਰੈਸਿਵ ਕੰਜਰਵੇਟਿਵ ਸਰਕਾਰ ਨੇ ਸਿੱਖਿਆ ਲਈ ਰਾਖਵੇਂ ਫੰਡਾਂ ਵਿੱਚ ਕਟੌਤੀ ਦਾ ਐਲਾਨ ਕੀਤਾ ਸੀ। ਇਸ ਦੇ ਨਾਲ ਹੀ ਸਰਕਾਰ ਨੇ ਚੌਥੀ ਕਲਾਸ ਤੋਂ ਅੱਠਵੀਂ ਕਲਾਸ ਦੇ ਆਕਾਰ ਵਿੱਚ 23.84 ਤੋਂ 24.5 ਤੱਕ ਦਾ ਵਾਧਾ ਕਰਨ ਦਾ ਐਲਾਨ ਵੀ ਕੀਤਾ ਸੀ। ਬੋਰਡ ਦਾ ਕਹਿਣਾ ਹੈ ਕਿ ਇਸ ਨਾਲ ਸਾਨੂੰ ਅਗਲੇ ਸਾਲ 10 ਮਿਲੀਅਨ ਡਾਲਰ ਦਾ ਨੁਕਸਾਨ ਹੋਵੇਗਾ।

ਟੀਡੀਐਸਬੀ ਦੀ ਚੇਅਰਵੁਮਨ ਰੌਬਿਨ ਪਿਲਕੇ ਦਾ ਕਹਿਣਾ ਹੈ ਕਿ ਇਨ੍ਹਾਂ ਕਟੌਤੀਆਂ ਦਾ ਕਿਹੋ ਜਿਹਾ ਅਸਰ ਰਹਿੰਦਾ ਹੈ ਇਸ ਬਾਰੇ ਅਜੇ ਵੀ ਬੋਰਡ ਨੇ ਹੋਰ ਪਤਾ ਲਾਉਣਾ ਹੈ। ਉਨ੍ਹਾਂ ਆਖਿਆ ਕਿ ਸਾਡੇ ਕੋਲ ਫਾਈਨਲ ਅੰਕੜੇ ਨਹੀਂ ਹਨ। ਅਸੀਂ ਇਨ੍ਹਾਂ ਦਾ ਹੀ ਪਤਾ ਲਾਉਣਾ ਹੈ। ਉਨ੍ਹਾਂ ਆਖਿਆ ਕਿ ਸਾਨੂੰ ਆਸ ਹੈ ਕਿ ਇਹ ਹੋਰ ਬਦਤਰ ਨਹੀਂ ਹੋਵੇਗੀ ਪਰ ਸਾਨੂੰ ਕੁੱਝ ਵੱਡੇ ਫੈਸਲੇ ਲੈਣੇ ਪੈਣਗੇ। ਬੋਰਡ ਨੇ ਅਜੇ ਇਹ ਫੈਸਲਾ ਕਰਨਾ ਹੈ ਕਿ ਉਹ ਇਹੋ ਜਿਹੀਆਂ ਕੀ ਕਟੌਤੀਆਂ ਕਰੇ ਕਿ ਉਨ੍ਹਾਂ ਦਾ ਬਜਟ ਸੰਤੁਲਿਤ ਹੋ ਜਾਵੇ। ਪਿਲਕੇ ਨੇ ਆਖਿਆ ਕਿ ਭਾਵੇਂ ਉਹ ਇਸ ਸਬੰਧ ਵਿੱਚ ਜੋ ਵੀ ਫੈਸਲਾ ਲੈਣ, ਇਸ ਦਾ ਸੇਕ ਵਿਦਿਆਰਥੀਆਂ ਨੂੰ ਜਰੂਰ ਸਹਿਣਾ ਪਵੇਗਾ।

ਇਨ੍ਹਾਂ ਤਬਦੀਲੀਆਂ ਕਾਰਨ ਬਹੁਤ ਸਾਰੇ ਅਧਿਆਪਕਾਂ ਦੀ ਛੁੱਟੀ ਹੋਵੇਗੀ ਤੇ ਔਸਤਨ ਹਾਈ ਸਕੂਲ ਦੀਆਂ ਕਲਾਸਾਂ ਦੇ ਆਕਾਰ ਵਿੱਚ ਵੀ ਵਾਧਾ ਹੋਵੇਗਾ। ਪਰ ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਸਿੱਖਿਆ ਮੰਤਰੀ ਲੀਜਾ ਥੌਂਪਸਨ ਦਾ ਕਹਿਣਾ ਹੈ ਕਿ ਕਿਸੇ ਵੀ ਅਧਿਆਪਕ ਦੀ ਮਰਜੀ ਤੋਂ ਬਿਨਾਂ ਉਸ ਨੂੰ ਨਹੀਂ ਕੱਢਿਆ ਜਾਵੇਗਾ।

# ਜਲ੍ਹਿਆਂਵਾਲਾ ਬਾਗ ਵਿੱਚ ਵਿਸ਼ੇਸ਼ ਪ੍ਰਦਰਸ਼ਨੀ 13 ਨੂੰ

ਕਿਊਰੇਟਰ ਡਾ. ਕਿੰਮ ਏ. ਵੈਗਨਰ ਦੀ ਦੇਖਰੇਖ ਵਿੱਚ ਅਮਨਦੀਪ ਸਿੰਘ ਮਾਦਰਾ ਤੇ ਪਰਮਜੀਤ ਸਿੰਘ ਵੱਲੋਂ ਸਿੱਖ ਹੈਰੀਟੇਜ ਮਿਊਜ਼ੀਅਮ ਆਫ ਕੈਨੇਡਾ ਤੇ ਕਾਸ਼ੀ ਹਾਊਸ ਦੀ ਭਾਈਵਾਲੀ ਨਾਲ 13 ਅਪਰੈਲ ਨੂੰ ਜਲ੍ਹਿਆਂਵਾਲਾ ਬਾਗ ਵਿੱਚ 1919 ਦੇ ਕਤਲੇਆਮ ਦੇ ਸੌ ਸਾਲ ਪੂਰੇ ਹੋਣ ਮੌਕੇ ਇੱਕ ਪ੍ਰਦਰਸ਼ਨੀ ਲਾਈ ਜਾ ਰਹੀ ਹੈ। ਇਸ ਘਟਨਾ ਨੇ ਬ੍ਰਿਟਿਸ਼ ਹਕੂਮਤ ਨੂੰ ਭਾਰਤ ਤੋਂ ਬਾਹਰ ਕਰਨ ਲਈ ਤਾਬੂਤ ਵਿੱਚ ਆਖਰੀ ਕਿੱਲ ਦਾ ਕੰਮ ਕੀਤਾ ਤੇ ਆਜ਼ਾਦੀ ਦੀ ਤਾਂਘ ਲਾਈ ਬੈਠੇ ਭਾਰਤੀਆਂ ਦੇ ਸੰਘਰਸ਼ ਨੂੰ ਹੋਰ ਤੇਜ਼ ਕਰ ਦਿੱਤਾ।

ਉਸ ਮੰਦਭਾਗੇ ਦਿਨ, ਹਜ਼ਾਰਾਂ ਦੀ ਗਿਣਤੀ ਵਿੱਚ ਨਿਹੱਥੇ ਭਾਰਤੀ ਲੋਕਾਂ ਉੱਤੇ ਅੰਮ੍ਰਿਤਸਰ ਵਿੱਚ ਬ੍ਰਿਟਿਸ਼ ਹਾਕਮਾਂ ਵੱਲੋਂ ਗੋਲੀਆਂ ਚਲਵਾਈਆਂ ਗਈਆਂ। ਇੱਕ ਅੰਦਾਜ਼ੇ ਮੁਤਾਬਕ ਇਸ ਦੌਰਾਨ 8 ਸਾਲ ਦੇ ਬੱਚੇ ਤੋਂ ਲੈ ਕੇ 80 ਸਾਲ ਦੇ ਬਜ਼ੁਰਗ ਤੱਕ 500 ਤੋਂ ਹਜ਼ਾਰ ਲੋਕ ਮਾਰੇ ਗਏ। ਇਸ ਪ੍ਰਦਰਸ਼ਨੀ ਦੌਰਾਨ "ਆਈਵਿੱਟਨੈੱਸ ਐਟ ਅੰਮ੍ਰਿਤਸਰ : ਅ ਵਿਜ਼ੂਅਲ ਹਿਸਟਰੀ ਆਫ 1919 ਜਲ੍ਹਿਆਂਵਾਲਾ ਬਾਗ ਮੈਸੈਕਰ (ਕਾਸ਼ੀ ਹਾਊਸ, 2019)" ਨਾਂ ਦੀ ਕਿਤਾਬ ਵੀ ਉਪਲਬਧ ਹੋਵੇਗੀ।

ਇਸ ਪ੍ਰਦਰਸ਼ਨੀ ਦੀ ਸਮੱਗਰੀ ਇਸ ਕਿਤਾਬ "ਆਈਵਿੱਟਨੈੱਸ ਐਟ ਅੰਮ੍ਰਿਤਸਰ : ਅ ਵਿਜ਼ੂਅਲ ਹਿਸਟਰੀ ਆਫ 1919 ਜਲ੍ਹਿਆਂਵਾਲਾ ਬਾਗ ਮੈਸੈਕਰ (ਕਾਸ਼ੀ ਹਾਊਸ, 2019)" ਉੱਤੇ ਹੀ ਆਧਾਰਿਤ ਹੋਵੇਗੀ। ਇਸ ਮੌਕੇ ਪਹਿਲਾਂ ਕਦੇ ਵੀ ਸਾਹਮਣੇ ਨਾ ਆਈਆਂ ਤਸਵੀਰਾਂ, ਪੇਂਟਿੰਗਜ਼, ਸਿਆਸੀ ਕਾਰਟੂਨਜ਼ ਤੇ ਉਨ੍ਹਾਂ ਲੋਕਾਂ ਦੇ ਸਿੱਧੇ ਕੋਟਜ਼ ਸ਼ਾਮਲ ਹੋਣਗੇ ਜਿਹੜੇ ਜਲ੍ਹਿਆਂਵਾਲਾ ਬਾਗ ਦੀ ਇਤਿਹਾਸਕ ਘਟਨਾ ਦੇ ਗਵਾਹ ਰਹੇ ਤੇ ਜਿਨ੍ਹਾਂ ਉਸ ਤੋਂ ਬਾਅਦ ਵਾਲੇ ਸਮੇਂ ਨੂੰ ਹੰਢਾਇਆ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਕੋਡ ਸਮੁਰਾਇ ਹੈਕਾਥਨ ਵਿੱਚ ਬੱਚਿਆਂ ਨੇ ਸਿੱਖੀਆਂ ਅਤਿ ਆਧੁਨਿਕ ਵੈੱਬ ਤਕਨੀਕਾਂ



ਮਾਰਖਮ, 11 ਅਪਰੈਲ (ਪੋਸਟ ਬਿਊਰੋ) : ਟੂਰਿੰਗ ਫਿਊਜ਼ਨ ਲੈਬਜ਼ ਵੱਲੋਂ ਮਾਰਖਮ, ਓਨਟਾਰੀਓ ਦੇ ਪਿਏਰੇ ਐਲੀਅਟ ਟਰੂਡੋ ਸਕੂਲ ਵਿੱਚ ਪਹਿਲੀ ਵਾਰੀ ਹੈਕਾਥਨ ਕਰਵਾਈ ਗਈ। ਇਹ ਹੈਕਾਥਨ 10 ਤੋਂ 15 ਸਾਲ ਦੇ ਬੱਚਿਆਂ ਲਈ ਮਨੋਰੰਜਨ ਭਰਿਆ ਦਿਨ ਰਹੀ। ਇੱਥੇ ਉਨ੍ਹਾਂ ਵੈੱਬ ਐਪਲੀਕੇਸ਼ਨ ਤਿਆਰ ਕਰਨੀ ਸਿੱਖੀ ਤੇ ਜਿਸ ਦੀ ਵਰਤੋਂ ਉਹ ਆਪਣੇ ਦੋਸਤਾਂ ਨਾਲ ਚੀਜ਼ਾਂ ਸਾਂਝੀਆਂ ਕਰਨ ਲਈ ਕਰ ਸਕਦੇ ਸਨ।

ਇਸ ਹੈਕਾਥਨ ਵਿੱਚ ਹਿੱਸਾ ਲੈਣ ਵਾਲਿਆਂ ਨੇ ਅਤਿ ਆਧੁਨਿਕ ਵੈੱਬ ਟੈਕਨਾਲੋਜੀਜ਼ ਦੀ ਵਰਤੋਂ ਕਰਦਿਆਂ ਹੋਇਆਂ ਨਵੀਂ ਸਾਫਟਵੇਅਰ ਡਿਵੈਲਪਮੈਂਟ ਤਕਨੀਕਾਂ ਰਾਹੀਂ ਆਪਣੀ ਐਪਲੀਕੇਸ਼ਨ ਤਿਆਰ ਕੀਤੀ। ਪੰਜ ਸਪਰਿੰਟਸ ਦੀ ਇਸ ਸੀਰੀਜ਼ ਦਰਮਿਆਨ ਬੱਚਿਆਂ ਦੇ ਮਨੋਰੰਜਨ ਦਾ ਵੀ ਪੂਰਾ ਇੰਤਜ਼ਾਮ ਸੀ ਤਾਂ ਕਿ ਉਹ ਬਿਲਕੁਲ ਤਰੋਤਾਜ਼ਾ ਰਹਿ ਸਕਣ। ਇਸ ਦੌਰਾਨ ਬੱਚਿਆਂ ਨੂੰ ਮੈਡਲਜ਼ ਵੀ ਦਿੱਤੇ ਗਏ ਤੇ ਕਈ ਹੋਰ ਤਰ੍ਹਾਂ ਦੇ ਇਨਾਮ ਜਿਵੇਂ ਕਿ ਕੋਡ ਸਮੁਰਾਇ ਟੀ-ਸ਼ਰਟਸ, ਮੈਗਨੈੱਟਸ ਤੇ ਸਟਿੱਕਰ ਆਦਿ ਵੀ ਦਿੱਤੇ ਗਏ।

ਵਾਲੰਟੀਅਰ ਮੈਂਟਰਜ਼, ਜੋ ਕਿ ਪ੍ਰੋਫੈਸ਼ਨਲ ਸਾਫਟਵੇਅਰ ਇੰਜੀਨੀਅਰ ਸਨ, ਨੇ ਸਾਰਾ ਦਿਨ ਟੀਮ ਦੀ ਮਦਦ ਕੀਤੀ। ਟੀਐਫਐਲ ਦੇ ਰਿੱਕ ਤੇ ਸੌਰਭ ਨੇ ਆਖਿਆ ਕਿ ਅਸੀਂ ਇਸ ਤਰ੍ਹਾਂ ਦਾ ਈਵੈਂਟ ਕਰਵਾ ਕੇ ਕਾਫੀ ਖੁਸ ਹਾਂ। ਉਨ੍ਹਾਂ ਆਖਿਆ ਕਿ ਸਾਫਟਵੇਅਰ ਇੰਜੀਨੀਅਰ ਹੋਣ ਨਾਤੇ ਕੰਪਿਊਟਰ ਇੰਜੀਨੀਅਰਜ ਦੀ ਅਗਲੀ ਪੀੜ੍ਹੀ ਤਿਆਰ ਹੁੰਦੀ ਵੇਖਣ ਦਾ ਆਪਣਾ ਹੀ ਸਵਾਦ ਹੈ। ਉਨ੍ਹਾਂ ਆਖਿਆ ਕਿ ਇਸ ਈਵੈਂਟ ਦੌਰਾਨ ਬੱਚਿਆਂ ਵੱਲੋਂ ਸਿੱਖੀਆਂ ਗਈਆ ਤਕਨੀਕਾਂ ਉਨ੍ਹਾਂ ਦੇ ਭਵਿੱਖ ਵਿੱਚ ਕੰਮ ਆਉਣਗੀਆਂ।

# ਡੇਰਾ ਬਾਬਾ ਨਾਨਕ ਚੈਕ ਪੋਸਟ ਉੱਤੇ 54 ਕਾਊਂਟਰ ਬਣਨਗੇ

ਚੰਡੀਗੜ੍ਹ, 11 ਅਪ੍ਰੈਲ (ਪੋਸਟ ਬਿਊਰੋ)- ਕੇਂਦਰ ਸਰਕਾਰ ਡੇਰਾ ਬਾਬਾ ਨਾਨਕ ਵਿੱਚ ਆਧੁਨਿਕ ਚੈਕ ਪੋਸਟ ਬਣਾਉਣ ਜਾ ਰਹੀ ਹੈ, ਜਿਸ ਵਿੱਚ ਦੋ ਵੀ ਆਈ ਪੀ ਕਾਊਂਟਰਾਂ ਸਮੇਤ ਕੁੱਲ 54 ਕਾਊਂਟਰ ਹੋਣਗੇ ਤਾਂ ਜੋ ਸ੍ਰੀ ਕਰਤਾਰਪੁਰ ਸਾਹਿਬ ਦੇ ਗੁਰਦੁਆਰੇ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਨੂੰ ਚੈਕ ਪੋਸਟਾਂ 'ਤੇ ਕਾਗਜ਼ ਪੱਤਰ ਬਣਾਉਣ ਵਿੱਚ ਬਹੁਤੀ ਉਡੀਕ ਨਾ ਕਰਨੀ ਪਵੇ। ਚੈਕ ਪੋਸਟ 165 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਦਾ ਅਨੁਮਾਨ ਹੈ।

ਮਿਲੀ ਜਾਣਕਾਰੀ ਅਨੁਸਾਰ 54 ਕਾਊਂਟਰਾਂ ਵਿੱਚੋਂ ਇਕ ਕਾਊਂਟਰ ਐਮਰਜੈਂਸੀ ਹਾਲਾਤ ਨਾਲ ਸਿੱਝਣ ਲਈ ਹੋਵੇਗਾ ਤਾਂ ਜੋ ਕਿਸੇ ਦੇ ਬਿਮਾਰ ਹੋਣ ਦੀ ਸਥਿਤੀ ਵਿੱਚ ਉਸ ਨੂੰ ਬਿਨਾਂ ਕਿਸੇ ਦੇਰੀ ਦੇ ਵਾਪਸ ਲਿਆਂਦਾ ਜਾ ਸਕੇ। ਚੈਕ ਪੋਸਟ ਦੀ ਇਮਾਰਤ ਬਹੁਤ ਵਧੀਆ ਬਣਾਉਣ ਦੀ ਤਿਆਰੀ ਹੈ ਜਿਸ ਵਿੱਚ ਇਕੋ ਸਮੇਂ ਦੋ ਹਜ਼ਾਰ ਲੋਕਾਂ ਦੇ ਬੈਠਣ ਦਾ ਪ੍ਰਬੰਧ ਕੀਤਾ ਜਾਵੇਗਾ। ਵੱਡੀ ਗਿਣਤੀ ਵਿੱਚ ਕਾਊਂਟਰ ਬਣਾਉਣ ਦਾ ਮੰਤਵ ਹੈ ਕਿ ਕਿਸੇ ਵੀ ਸ਼ਰਧਾਲੂ ਨੂੰ ਇਕ ਘੰਟੇ ਤੋਂ ਵੱਧ ਉਡੀਕ ਨਾ ਕਰਨੀ ਪਵੇ ਹੋਵੇਗਾ। ਇਸ ਦੇ ਮੁਕਾਬਲੇ ਅਟਾਰੀ ਚੈਕ ਪੋਸਟ ਕਿਤੇ ਛੋਟੀ ਹੈ ਤੇ ਇਸ ਵਿੱਚ ਕੇਵਲ 10 ਹੀ ਕਾਊਂਟਰ ਹਨ। ਕਰਤਾਰਪੁਰ ਲਾਂਘੇ ਨਾਲ ਜੁੜੇ ਮੁੱਦਿਆਂ ਦੇ ਹੱਲ ਤੇ ਆਪਸੀ ਸਹਿਮਤੀ ਬਣਾਉਣ ਲਈ ਦੋਵੇਂ ਦੇਸ਼ਾਂ ਦੇ ਅਧਿਕਾਰੀਆਂ ਵਿਚਕਾਰ 16 ਅਪ੍ਰੈਲ ਨੂੰ ਇਕ ਹੋਰ ਮੀਟਿੰਗ ਹੋਵੇਗੀ। ਦੋਵੇਂ ਦੇਸ਼ਾਂ ਨੇ ਰੋਜ਼ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਦੀ ਗਿਣਤੀ ਵੀ ਤੈਅ ਕਰਨੀ ਹੈ ਅਤੇ ਇਹ ਫੈਸਲਾ ਵੀ ਕਰਨਾ ਹੈ ਕਿ ਪਾਸਪੋਰਟ ਤੋਂ ਇਲਾਵਾ ਹੋਰ ਕਿਹੜੇ-ਕਿਹੜੇ ਦਸਤਾਵੇਜ਼ ਹੋ ਸਕਦੇ ਹਨ, ਜਿਸ ਨੂੰ ਆਧਾਰ ਮੰਨ ਕੇ ਪਰਮਿਟ ਦਿੱਤਾ ਜਾ ਸਕਦਾ ਹੈ ਤੇ ਸ਼ਰਧਾਲੂ ਸ੍ਰੀ ਕਰਤਾਰਪੁਰ ਸਾਹਿਬ ਗੁਰਦੁਆਰੇ ਵਿੱਚ ਕਿੰਨਾ ਸਮਾਂ ਠਹਿਰ ਸਕਣਗੇ। ਪਾਕਿਸਤਾਨ ਵਾਲੇ ਪਾਸੇ ਤੋਂ ਮਿਲੀ ਜਾਣਕਾਰੀ ਅਨੁਸਾਰ ਉਥੇ ਸਰਕਾਰ ਇਸ ਇਲਾਕੇ ਨੂੰ ਸੈਰ ਸਪਾਟਾ ਕੇਂਦਰ ਵਜੋਂ ਵਿਕਸਤ ਕਰਨ ਲਈ ਵੱਡੇ-ਵੱਡੇ ਹੋਟਲ ਬਣਾ ਰਹੀ ਹੈ ਅਤੇ ਖਰੀਦੋ ਫਰੋਖਤ ਲਈ ਵੱਡੀ ਮਾਰਕੀਟ ਬਣਾਉਣ ਲੱਗੀ ਹੈ। ਇਸ ਸਥਿਤੀ ਵਿੱਚ ਦਰਸ਼ਨ ਕਰਨ ਗਏ ਸ਼ਰਧਾਲੂ ਚਾਰ ਪੰਜ ਘੰਟਿਆਂ ਤੋਂ ਪਹਿਲਾਂ ਨਹੀਂ ਮੁੜ ਸਕਣਗੇ। ਇਸ ਕਾਰਨ ਦੋ ਘੰਟੇ ਦੀ ਥਾਂ ਵੱਧ ਸਮੇਂ ਵਾਸਤੇ ਪਾਕਿਸਤਾਨ ਵਿੱਚ ਰੁਕਣ ਦਾ ਸਮਾਂ ਦੇਣਾ ਪਵੇਗਾ। ਸੰਭਵ ਹੈ ਕਿ ਸ਼ੁਰੂ ਵਿੱਚ ਘੱਟ ਸਮਾਂ ਦਿੱਤਾ ਜਾਵੇ ਅਤੇ ਫਿਰ ਪਾਕਿਸਤਾਨੀ ਮਾਰਕੀਟ ਦੀ ਮੰਗ 'ਤੇ ਸਮਾਂ ਵਧਾਉਣਾ ਪੈ ਸਕਦਾ ਹੈ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-208-7011 437-219-1502

SherGill Law Firm
Barrister, Solicitor & Notary Public
Services:
• Real Estate
• Family Law
• Residential, Commercial, Franchise
• Affidavit, Power Of Attorney & Notarization
• Criminal Law
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੁਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

## ਆਸਟ੍ਰੇਲੀਆ ਵਿੱਚ ਪ੍ਰਧਾਨ ਮੰਤਰੀ ਵੱਲੋਂ ਚੋਣਾਂ ਦਾ ਐਲਾਨ



ਸਿਡਨੀ, 11 ਅਪਰੈਲ, (ਪੋਸਟ ਬਿਊਰੋ)- ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਸਕਾਟ ਮੌਰੀਸਨ ਨੇ ਅੱਜ ਵੀਰਵਾਰ ਨੂੰ ਆਮ ਚੋਣਾਂ ਦੀ ਤਰੀਕ ਦਾ ਐਲਾਨ ਕਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਪਾਰਲੀਮੈਂਟ ਚੋਣ ਲਈ 18 ਮਈ ਨੂੰ ਵੋਟ ਪਾਏ ਜਾਣਗੇ। ਇਸ ਦੇ ਨਾਲ ਹੀ ਉਨ੍ਹਾਂ ਨੇ ਆਪਣੀ ਪ੍ਰਚਾਰ ਮੁਹਿੰਮ ਵੀ ਸ਼ੁਰੂ ਕਰ ਦਿੱਤੀ ਹੈ।

ਇਸ ਸੰਬੰਧ ਵਿੱਚ ਆਪਣੇ ਦੇਸ਼ ਦੀ ਬਿਹਤਰ ਅਰਥ-ਵਿਵਸਥਾ ਨੂੰ ਸਰਕਾਰ ਦੀ ਪ੍ਰਾਪਤੀਦੱਸਦੇ ਹੋਏ ਮੌਰੀਸਨ ਨੇ ਕਿਹਾ ਕਿ ਅਸੀਂ ਦੁਨੀਆ ਦੇ ਸਭ ਤੋਂ ਬਿਹਤਰ ਦੇਸ਼ ਵਿੱਚ ਹਾਂ ਤੇਦੇਸ਼ ਦੀ ਮਜ਼ਬੂਤ ਅਰਥ-ਵਿਵਸਥਾ ਨਾਲ ਸਾਡਾ ਭਵਿੱਖ ਬਿਹਤਰ ਹੋਵੇਗਾ। ਵਰਨਣ ਯੋਗ ਹੈ ਕਿ ਬੀਤੇ ਹਫ਼ਤੇ ਸਰਕਾਰ ਨੇਪਾਰਲੀਮੈਂਟ ਨੂੰ ਪੇਸ਼ ਕੀਤੇ ਬਜਟ ਵਿਚ ਟੈਕਸ ਘਟਾਉਣ ਦਾ ਐਲਾਨ ਕੀਤਾ ਸੀ। ਪਿਛਲੇ ਇਕ ਦਹਾਕੇ ਤੋਂ ਵੱਧ ਸਮੇਂ ਦੌਰਾਨ ਕਿਸੇਸਰਕਾਰ ਨੇ ਪਹਿਲੀ ਵਾਰ ਮੁਨਾਫ਼ੇ ਦਾ ਬਜਟ ਪੇਸ਼ ਕੀਤਾ ਹੈ। ਅਗਲੀਆਂ ਚੋਣਾਂ ਵਿੱਚ ਦੇਸ਼ ਦੀ ਜਲਵਾਯੂ ਅਤੇ ਅਰਥ-ਵਿਵਸਥਾ ਜਨਤਾ ਵਿਚ ਮੁੱਖ ਮੁੱਦੇ ਬਣ ਕੇ ਉਭਰੇ ਹਨ।

ਪ੍ਰਧਾਨ ਮੰਤਰੀ ਦੇ ਅਹੁਦੇ ਵਾਸਤੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਮੌਰੀਸਨ ਦਾ ਮੁਕਾਬਲਾ ਵਿਰੋਧੀ ਲੇਬਰ ਪਾਰਟੀ ਦੇ ਆਗੂ ਬਿਲ ਸ਼ਾਰਟੇਨ ਨਾਲ ਹੈ। ਸ਼ਾਰਟੇਨ ਨੇ ਮੌਰੀਸਨ ਉੱਤੇ ਕੇਵਲ ਅਮੀਰ ਲੋਕਾਂ ਉੱਤੇ ਮਿਹਰਬਾਨੀ ਵਿਖਾਉਣ ਦਾ ਦੋਸ਼ ਲਾਇਆ ਹੈ। ਵਿਰੋਧੀ ਧਿਰ ਦੇਸ਼ ਵਿਚ ਭਿਆਨਕ ਸੋਕੇ ਅਤੇ ਹੜ੍ਹ ਦੀ ਸਥਿਤੀ ਨਾਲ ਨਿਪਟਣ ਵਿਚ ਸਰਕਾਰ ਦੀ ਨਾਕਾਮੀ ਦੱਸਦੀ ਹੈ। ਚੋਣ ਤੋਂ ਪਹਿਲੇ ਸਰਵੇਖਣਾਂ ਵਿਚ ਲੇਬਰ ਪਾਰਟੀ ਦੀ ਜਿੱਤ ਦੀ ਸੰਭਾਵਨਾ ਪ੍ਰਗਟ ਕੀਤੀ ਗਈ ਹੈ

### ਫਿਰ ਓਹ ਹੀ ਵਿਵਾਦ

## ‘ਹਾਥੀ’ ਦਾ ਬਟਨ ਦਬਾਉਣ ਨਾਲ ‘ਕਮਲ’ ਨੂੰ ਵੋਟ ਪੈਣ ਬਾਰੇ ਚੋਣ ਕਮਿਸ਼ਨ ਨੂੰ ਸ਼ਿਕਾਇਤਾਂ



ਬਿਜਨੌਰ, 11 ਅਪਰੈਲ, (ਪੋਸਟ ਬਿਊਰੋ)- ਲੋਕ ਸਭਾ ਚੋਣਾਂ ਦੇ ਪਹਿਲੇ ਗੇੜ ਵਿੱਚ ਇੱਕ ਵਾਰ ਫਿਰ ਪੁਰਾਣੇ ਸਮੇਂ ਵਾਂਗ ਇਲੈਕਟਰਾਨਿਕ ਵੋਟਿੰਗ ਮਸ਼ੀਨਾਂ(ਈਵੀਐੱਮ) ਮਸ਼ੀਨਾਂਦੀ ਗੜਬੜੀ ਹੋਣ ਦਾ ਦੋਸ਼ ਲੱਗ ਗਿਆ ਹੈ। ਪਹਿਲਾ ਕੇਸਉੱਤਰ ਪ੍ਰਦੇਸ਼ ਦੇ ਬਿਜਨੌਰ ਪਾਰਲੀਮੈਂਟ ਹਲਕੇ ਦੇ ਮੀਰਾਪੁਰ ਵਿਧਾਨ ਸਭਾ ਖੇਤਰ ਦੇ ਪਿੰਡ ਕਸੌਲੀ ਦਾ ਹੈ। ਓਥੇ ਵੋਟਰਾਂ ਨੇ ਹਾਥੀ ਦਾ ਬਟਨ ਦੱਬਣ ਉੱਤੇ ਕਮਲ ਦੇ ਫੁੱਲ ਦੀ ਪਰਚੀ ਆਉਣ ਦਾ ਦੋਸ਼ ਲਾਇਆ ਹੈ। ਬਸਪਾ-ਸਮਾਜਵਾਦੀ ਗਠਜੋੜ ਦੇ ਉਮੀਦਵਾਰ ਮਲੂਕ ਨਾਗਰ ਨੇ ਮੌਕੇ ਉੱਤੇਜਾ ਕੇ ਦੋਸ਼ ਲਾਇਆ ਕਿ ‘ਹਾਥੀ’ ਦਾ ਬਟਨ ਦੱਬਣਤੋਂਭਾਜਪਾ ਦੇ ਚੋਣ ਨਿਸ਼ਾਨ ‘ਕਮਲ’ ਨੂੰ ਵੋਟ ਪੈਂਦੀ ਹੈ।ਕਈ ਵਾਰ ਲਗਾਤਾਰ ‘ਹਾਥੀ’ ਦਾ ਬਟਨ ਦਬਾਉਣ ਨਾਲ‘ਕਮਲ’ ਨੂੰ ਵੋਟ ਪੈਣ ਦਾ ਦੋਸ਼ ਲਾਇਆ ਗਿਆ। ਇਸ ਬਾਰੇ ਲੋਕਾਂ ਨੇ ਇਸਦੀ ਸ਼ਿਕਾਇਤ ਚੋਣ ਕਮਿਸ਼ਨ ਨੂੰ ਕੀਤੀ ਹੈ। ਗਠਜੋੜ ਦੇ ਉਮੀਦਵਾਰ ਮਲੂਕ ਨਾਗਰ ਨੇ ਦੋਸ਼ ਲਾਇਆ ਕਿ ਮੁਸਲਿਮ ਤੇ ਦਲਿਤ ਖੇਤਰਾਂ ਵਿੱਚ ਈਵੀਐਮ ਮਸ਼ੀਨਾਂ ਨੂੰ ਜਾਣਬੁੱਝ ਕੇਖਰਾਬ ਕਰ ਕੇ ਭਾਜਪਾ ਨੂੰ ਲਾਭ ਪੁਚਾਇਆ ਜਾ ਰਿਹਾ ਹੈ।

ਚੋਣ ਅਧਿਕਾਰੀ ਇਸ ਦੋਸ਼ ਨੂੰ ਰੱਦ ਕਰਦੇ ਹੋਏ ਇਸ ਨੂੰ ਆਪਸੀ ਧੜੇਬੰਦੀ ਦਾ ਕੇਸਕਹਿੰਦੇ ਹਨ। ਵਰਨਣ ਯੋਗ ਹੈ ਕਿ 2014 ਲੋਕ ਸਭਾ ਚੋਣਾਂ ਪਿੱਛੋਂ ਵਿਰੋਧੀ ਪਾਰਟੀਆਂ ਨੇ ਦੋਸ਼ ਲਾਇਆ ਸੀ ਕਿ ਕਿਸੇ ਵੀ ਪਾਰਟੀ ਦਾ ਬਟਨ ਦੱਬਣ ਦੇ ਨਾਲ ਵੋਟ ਭਾਜਪਾ ਨੂੰ ਪੈਂਦੀ ਹੈ। ਇਸੇ ਤਰ੍ਹਾਂ ਦਾ ਇਕ ਕੇਸ ਮੱਧ ਪ੍ਰਦੇਸ਼ ਵਿਚ ਹੋਇਆ ਸੀ। ਅਧਿਕਾਰੀਆਂ ਸਾਹਮਣੇ ਇਹ ਘਟਨਾ ਵਾਪਰੀ ਸੀ ਅਤੇ ਮੱਧ ਪ੍ਰਦੇਸ਼ ਵਿਚ ਈਵੀਐਮ ਹੈਕਿੰਗ ਦੇ ਮੁੱਦੇ ਨਾਲ ਪੂਰੇ ਦੇਸ਼ ਵਿਚ ਇਸ ਉੱਤੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕੀਤੇ ਗਏ ਹਨ। ਚੋਣ ਕਮਿਸ਼ਨ ਦਾ ਫ਼ੈਸਲਾ ਹੈ ਕਿ ਇਸ ਵਾਰ ਲੋਕ ਸਭਾ ਚੋਣ ਵੀਵੀਪੈਟ ਨਾਲ ਕਰਵਾਈ ਜਾਵੇਗੀ, ਜਿਸ ਵਿੱਚ ਮਸ਼ੀਨ ਵਿੱਚੋਂ ਨਿਕਲੀਆਂ ਪਰਚੀਆਂ ਦਾ ਮਿਲਾਣ ਕੀਤਾ ਜਾਂਦਾ ਹੈ।

## ਲੋਕ ਸਭਾ ਚੋਣਾਂ ਦੇ ਪਹਿਲੇ ਗੇੜ ਵਿੱਚ 60 ਫ਼ੀਸਦੀ ਵੋਟਾਂ, ਝੜਪਾਂ ਵਿੱਚ ਇਕ ਜਣੇ ਦੀ ਮੌਤ



ਨਵੀਂ ਦਿੱਲੀ, 11 ਅਪਰੈਲ, (ਪੋਸਟ ਬਿਊਰੋ)- ਭਾਰਤੀ ਪਾਰਲੀਮੈਂਟ ਦੇ ਹੇਠਲੇ ਸਦਨ ਲੋਕ ਸਭਾ ਲਈ ਇਸ ਵਾਰ ਦੀਆਂ ਚੋਣਾਂ ਦੇ ਪਹਿਲੇ ਗੇੜ ਵਿੱਚ18 ਰਾਜਾਂ ਤੇ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ 91 ਸੀਟਾਂ ਉੱਤੇ ਵੋਟਾਂ ਪਈਆਂ। ਇਸ ਦੌਰਾਨ ਆਂਧਰਾ ਪ੍ਰਦੇਸ਼ ਵਿੱਚ ਹਿੰਸਾ ਹੋਈ ਕਾਰਨ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਉੱਤਰ ਪ੍ਰਦੇਸ਼ ਵਿੱਚਕੁਝ ਥਾਂਈਂ ਛੋਟੇ ਮੋਟੇ ਵਿਵਾਦ ਹੋਏ। ਬਾਕੀ ਥਾਈਂ ਵੋਟਿੰਗ ਸ਼ਾਂਤੀਪੂਰਨ ਹੋਈ। ਪਹਿਲੇ ਗੇੜਦੌਰਾਨ ਦੇਸ਼ ਦੇ ਕੁਲ 90 ਕਰੋੜ ਵੋਟਰਾਂ ਵਿੱਚੋਂ 14 ਕਰੋੜ ਵੋਟਰ ਸਨ, ਜਿਨ੍ਹਾਂ ਵਿੱਚੋਂ ਸ਼ਾਮ ਪੰਜ ਵਜੇ ਤੱਕ ਔਸਤ 58 ਤੋਂ 60 ਫ਼ੀਸਦੀ ਨੇ ਇਸ ਹੱਕ ਦੀ ਵਰਤੋਂ ਕੀਤੀ। ਮੁੱਖ ਚੋਣ ਅਧਿਕਾਰੀ ਨੇ ਦਸਿਆ ਕਿ 362 ਵੋਟਿੰਗ ਮਸ਼ੀਨਾਂ ਵਿਚ ਗੜਬੜ ਸਾਹਮਣੇ ਆਈ ਹੈ।ਦੂਜੇ ਗੇੜ ਵਿੱਚ 13 ਰਾਜਾਂ ਦੀਆਂ 97 ਸੀਟਾਂ ਉੱਤੇ 18 ਅਪ੍ਰੈਲ ਨੂੰ ਵੋਟਾਂ ਪੈਣਗੀਆਂ।

ਅੱਜ ਵਾਲੀਆਂ ਸੀਟਾਂ ਉੱਤੇ ਕੁਲ 1279 ਉਮੀਦਵਾਰ ਵਿਚ ਹਨ। ਵੋਟਿੰਗ ਮੌਖੇ ਕੁੱਝ ਥਾਂ ਹਿੰਸਾ ਹੋਣ ਦੀ ਖਬਰ ਹੈ। ਆਂਧਰਾ ਪ੍ਰਦੇਸ਼ ਵਿਚ ਕੁਝ ਥਾਂਈਂ ਹਿੰਸਕ ਘਟਨਾਵਾਂ ਦੌਰਾਨਅਨੰਤਪੁਰ ਵਿਚ ਤੇਲਗੂ ਦੇਸਮ ਪਾਰਟੀ ਦੇ ਇੱਕ ਵਰਕਰ ਦੀ ਮੌਤ ਹੋ ਗਈ। ਦੂਸਰੇ ਪਾਸੇ ਮਹਾਰਾਸ਼ਟਰ ਤੇ ਉੱਤਰ ਪੂਰਬ ਤੋਂ ਆਈਈਡੀ ਧਮਾਕੇ ਹੋਣ ਦੀਆਂ ਖ਼ਬਰਾਂ ਹਨ, ਪਰਕਿਤੇ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਜੰਮੂ ਕਸ਼ਮੀਰ ਦੇ ਬਾਰਾਮੂਲਾਹਲਕੇ ਵਿਚ ਪੀਡੀਪੀ ਅਤੇ ਨੈਸ਼ਨਲ ਕਾਨਫ਼ਰੰਸ ਦੇ ਸਮਰਥਕ ਆਪੋ ਵਿੱਚ ਭਿੜ ਜਾਣ ਨਾਲ ਚਾਰ ਜਣੇਜ਼ਖ਼ਮੀ ਹੋ ਗਏ। ਬਾਂਦੀਪੁਰ ਜ਼ਿਲ੍ਹੇ ਦੇ ਸੁਬਲ ਇਲਾਕੇ ਦੀ ਇਸ ਘਟਨਾ ਉੱਤੇ ਸੁਰੱਖਿਆ ਮੁਲਾਜ਼ਮਾਂ ਨੇ ਕਾਬੂ ਪਾ ਲਿਆ।

ਚੋਣ ਕਮਿਸ਼ਨ ਤੋਂ ਮਿਲੀ ਜਾਣਕਾਰੀ ਮੁਤਾਬਕ ਅੱਜ ਦੀਆਂ ਚੋਣਾਂ ਵਿਚ 14 ਕਰੋੜ 20 ਲੱਖ 54 ਹਜ਼ਾਰ 978 ਲੋਕਾਂ ਦੇ ਵੋਟ ਸਨ, ਜਿਨ੍ਹਾਂ ਵਿਚੋਂ 7 ਕਰੋੜ 21 ਲੱਖ ਪੁਰਸ਼ ਤੇ 6 ਕਰੋੜ 98 ਲੱਖ ਮਹਿਲਾ ਸਨ।ਕੁਲ 1 ਲੱਖ 70 ਹਜ਼ਾਰ ਲੋਕਾਂ ਨੇ ਵੋਟਾਂ ਪਾਈਆਂ ਹਨ। ਉੱਤਰ ਪ੍ਰਦੇਸ਼ਦੇ 8, ਉਤਰਾਖੰਡ ਦੇ 5, ਬਿਹਾਰ ਵਿੱਚ 4, ਮਹਾਰਾਸ਼ਟਰ ਦੇ 7, ਉੜੀਸਾ ਦੇ 4, ਜੰਮੂ ਕਸ਼ਮੀਰ, ਅਰੁਣਾਚਲ ਪ੍ਰਦੇਸ਼, ਮੇਘਾਲਿਆ ਤੇ ਪਛਮੀ ਬੰਗਾਲ ਦੇ 2-2 ਹਲਕਿਆਂ ਅਤੇ ਛੱਤੀਸਗੜ੍ਹ, ਮਨੀਪੁਰ, ਮਿਜ਼ੋਰਮ, ਨਾਗਾਲੈਂਡ, ਤ੍ਰਿਪੁਰਾ, ਸਿੱਕਮ, ਅੰਡਮਾਨ ਤੇ ਨਿਕੋਬਾਰ ਦੀਪ ਸਮੂਹ ਅਤੇ ਲਕਸ਼ਦੀਪ ਦੀ 1-1 ਸੀਟ ਲਈ ਵੋਟਾਂ ਪਈਆਂ ਹਨ। ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ ਸਮੇਤ ਨੌਂ ਰਾਜਾਂ ਵਿੱਚ ਚੋਣਾਂ ਪਹਿਲੇ ਦੌਰ ਵਿਚ ਹੀ ਖ਼ਤਮ ਹੋ ਗਈਆਂ ਹਨ। ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਵਿਚ ਸੌਤੋਂ ਵੱਧ ਵੋਟਿੰਗ ਮਸ਼ੀਨਾਂ ਵਿਚ ਖ਼ਰਾਬੀ ਆਉਣ ਦੇ ਬਾਅਦ ਉਨ੍ਹਾਂ ਨੂੰ ਬਦਲਿਆ ਗਿਆ ਹੈ। ਚੋਣ ਨਤੀਜੇ ਸਾਰੇ ਦੇਸ਼ ਦੇ ਨਾਲ 23 ਮਈ ਨੂੰ ਹੀ ਆਉਣਗੇ।

ਅੱਜ ਵੀਰਵਾਰ ਨੂੰ ਹੀ ਆਂਧਰਾ ਪ੍ਰਦੇਸ਼ ਵਿਧਾਨ ਸਭਾ ਦੀਆਂ 175, ਸਿੱਕਮ ਦੀਆਂ 32, ਅਰੁਣਾਚਲ ਪ੍ਰਦੇਸ਼ ਦੀਆਂ 57 ਅਤੇ ਓਡੀਸ਼ਾ ਦੀਆਂ 28 ਵਿਧਾਨ ਸਭਾ ਸੀਟਾਂ ਲਈ ਵੀ ਵੋਟਿੰਗ ਹੋਈ ਹੈ। ਆਂਧਰਾ ਪ੍ਰਦੇਸ਼, ਸਿੱਕਮ ਅਤੇ ਅਰੁਣਾਚਲ ਪ੍ਰਦੇਸ਼ ਦੀਆਂ ਸਾਰੀਆਂ ਵਿਧਾਨ ਸਭਾ ਸੀਟਾਂ ਉੱਤੇ ਵੋਟਿੰਗ ਹੋਣ ਨਾਲ ਇੱਥੇ ਵਿਧਾਨ ਸਭਾ ਚੋਣਾਂ ਵੀ ਨੇਪਰੇ ਚੜ੍ਹ ਗਈਆਂ।

## ਪਾਕਿ 'ਚ ਘੱਟ ਗਿਣਤੀ ਭਾਈਚਾਰੇ ਦੀਆਂ ਚਾਰ ਕੁੜੀਆਂ ਅਗਵਾ

ਲਾਹੌਰ, 11 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਦੇ ਸੂਬਾ ਸਿੰਧ ਵਿੱਚ ਖ਼ਿਆਮ ਮੇਘਵਾਰ, ਨੈਣਾ ਮਾਈ ਅਤੇ ਸੂਬਾ ਪੰਜਾਬ ਤੋਂ ਸਦਫ ਅਤੇ ਸ਼ੀਜ਼ਾ ਮਸੀਹ ਨਾਮੀ ਘੱਟ ਗਿਣਤੀ ਭਾਈਚਾਰੇ ਦੀਆਂ ਚਾਰ ਨਾਬਾਲਗ ਲੜਕੀਆਂ ਨੂੰ ਅਗਵਾ ਕਰਕੇ ਧਰਮ ਪਰਿਵਰਤਨ ਕਰਵਾਏ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਅਗਵਾ ਦੇ ਇਨ੍ਹਾਂ ਨਵੇਂ ਕੇਸਾਂ ਨਾਲ ਸੂਬਾ ਸਿੰਧ 'ਚ ਪਿਛਲੇ ਇਕ ਮਹੀਨੇ 'ਚ ਅਗਵਾ ਕੀਤੀਆਂ ਲੜਕੀਆਂ ਦੀ ਗਿਣਤੀ 22 ਤੱਕ ਪਹੁੰਚ ਗਈ ਹੈ। ਮਿਲੇ ਵੇਰਵਿਆਂ ਅਨੁਸਾਰ ਸੂਬਾ ਸਿੰਧ 'ਚ ਹਿੰਦੂ ਲੜਕੀ ਖ਼ਿਆਮ ਮੇਘਵਾਰ (12 ਸਾਲ), ਜ਼ਿਲਾ ਰਹੀਮ ਯਾਰ ਖਾਨ ਦੀ ਤਹਿਸੀਲ ਲਿਆਕਤਪੁਰ ਦੇ ਚੱਕ ਨੰਬਰ 19 'ਚੋਂ ਨੈਣਾ ਮਾਈ (14 ਸਾਲ) ਪੁੱਤਰੀ ਰੋਘਾ ਰਾਮ, ਸੂਬਾ ਪੰਜਾਬ ਦੇ ਜ਼ਿਲਾ ਕਿਲ੍ਹਾ ਦੀਦਾਰ ਸਿੰਘ ਦੀ ਇਸਾਈ ਭਾਈਚਾਰੇ ਦੀ ਸ਼ੀਜ਼ਾ ਮਸੀਹ (15 ਸਾਲ) ਅਤੇ ਬਹਾਵਲਪੁਰ ਦੀ ਸਦਫ (14 ਸਾਲ) ਨੂੰ ਅਣਪਛਾਤੇ ਵਿਅਕਤੀਆਂ ਵੱਲੋਂ ਹਥਿਆਰਾਂ ਦੇ ਜ਼ੋਰ 'ਤੇ ਅਗਵਾ ਕੀਤੇ ਜਾਣ ਪਿੱਛੋਂ ਬਰਾਚੁੰਡੀ ਸ਼ਰੀਫ ਦਰਗਾਹ ਦੇ ਪੀਰ ਅਬਦੁਲ ਹੱਕ ਉਰਫ ਮੀਆਂ ਮਿੱਠੂ ਵੱਲੋਂ ਧਰਮ ਪਰਿਵਰਤਨ ਕਰਾਇਆ ਗਿਆ। ਬਰਾਚੁੰਡੀ ਸ਼ਰੀਫ ਦਰਗਾਹ ਵੱਲੋਂ ਉਕਤ ਚਾਰੋਂ ਲੜਕੀਆਂ ਦੇ ਵਾਰਸਾਂ ਨੂੰ ਉਨ੍ਹਾਂ ਵੱਲੋਂ ਧਰਮ ਪਰਿਵਰਤਨ ਕੀਤੇ ਜਾਣ ਪਿੱਛੇ ਨਿਕਾਹ ਕਰਵਾਏ ਜਾਣ ਦੀ ਜਾਣਕਾਰੀ ਤਸਵੀਰਾਂ ਸਣੇ ਦਿੱਤੀ ਗਈ ਹੈ।

## ਅਬਦੁੱਲਾ ਵਰਗੇ ਲੋਕਾਂ ਦੀ ਜੀਭ ਵੱਢ ਦੇਣੀ ਚਾਹੀਦੀ ਹੈ: ਸ਼ਿਵ ਸੈਨਾ

ਮੁੰਬਈ, 11 ਅਪ੍ਰੈਲ (ਪੋਸਟ ਬਿਊਰੋ)- ਸ਼ਿਵ ਸੈਨਾ ਨੇ ਭਾਜਪਾ ਦੇ ਮੈਨੀਫੈਸਟੋ ਦੀ ਕੱਲ੍ਹ ਸ਼ਲਾਘਾ ਕਰਦਿਆਂ ਇਸ ਨੂੰ 100 ਵਿੱਚੋਂ 200 ਅੰਕ ਦਿੱਤੇ ਹਨ। ਮੈਨੀਫੈਸਟੋ 'ਚ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੇ ਸੰਵਿਧਾਨ ਦੀ ਧਾਰਾ 370 ਨੂੰ ਖਤਮ ਕਰਨ ਅਤੇ ਅਯੁੱਧਿਆ 'ਚ ਰਾਮ ਮੰਦਰ ਦੀ ਉਸਾਰੀ ਦਾ ਵਾਅਦਾ ਕੀਤਾ ਗਿਆ ਹੈ।

ਕੇਂਦਰ ਅਤੇ ਮਹਾਰਾਸ਼ਟਰ ਸਰਕਾਰ ਵਿਚ ਭਾਜਪਾ ਦੀ ਸਹਿਯੋਗੀ ਪਾਰਟੀ ਸ਼ਿਵ ਸੈਨਾ ਨੇ ਕੱਲ੍ਹ ਕਿਹਾ ਕਿ ਦੇਸ਼ ਦੀ ਅਖੰਡਤਾ ਨਾਲ ਸਮਝੌਤਾ ਨਹੀਂ ਕੀਤਾ ਜਾ ਸਕਦਾ ਅਤੇ ਸਾਲ 2019 ਰਾਮ ਮੰਦਰ ਦੀ ਉਸਾਰੀ ਦਾ ਆਖਰੀ ਮੌਕਾ ਹੈ। ਇਸ ਦੌਰਾਨ ਸ਼ਿਵ ਸੈਨਾ ਨੇ ਨੈਸ਼ਨਲ ਕਾਨਫਰੰਸ ਦੇ ਆਗੂ ਉਮਰ ਅਬਦੁੱਲਾ ਅਤੇ ਪੀ ਡੀ ਪੀ ਦੀ ਮੁਖੀ ਮਹਿਬੂਬਾ ਮੁਫਤੀ ਦੀ ਆਲੋਚਨਾ ਕੀਤੀ, ਜਿਨ੍ਹਾਂ ਧਮਕੀ ਦਿੱਤੀ ਹੈ ਕਿ ਧਾਰਾ 370 ਨੂੰ ਖਤਮ ਕੀਤਾ ਤਾਂ ਜੰਮੂ-ਕਸ਼ਮੀਰ ਦੇਸ਼ ਤੋਂ ਵੱਖ ਹੋ ਜਾਏਗਾ। ਸੰਪਾਦਕੀ 'ਚ ਪਾਰਟੀ ਨੇ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਇਨ੍ਹਾਂ ਲੋਕਾਂ ਦਾ ਮੂੰਹ ਬੰਦ ਕਰਨ ਦੀ ਲੋੜ ਹੈ। ਸੰਪਾਦਕੀ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿਰੋਧੀ ਗੱਲਾਂ ਕਰਨ ਵਾਲੇ ਫਾਰੂਕ ਅਬਦੁੱਲਾ ਵਰਗੇ ਲੋਕਾਂ ਦੀ ਜੀਭ ਵੱਢ ਦੇਣੀ ਚਾਹੀਦੀ ਹੈ। ਇਹ ਬੜੀ ਤਿੱਖੀ ਟਿਪਣੀ ਕੀਤੀ ਗਈ ਹੈ।

## ਬ੍ਰਿਟਿਸ਼ ਅਦਾਲਤ ਨੇ ਅਸਾਂਜੇ ਨੂੰ ਜ਼ਮਾਨਤ ਸ਼ਰਤਾਂ ਦੀ ਉਲੰਘਣਾ ਦਾ ਦੋਸ਼ੀ ਪਾਇਆ

### * ਖੜੇ ਪੈਰ ਅਦਾਲਤ ਵਿੱਚ ਗ੍ਰਿਫਤਾਰ ਕੀਤਾ ਗਿਆ

ਲੰਡਨ, 11 ਅਪਰੈਲ, (ਪੋਸਟ ਬਿਊਰੋ)- ਬ੍ਰਿਟੇਨ ਦੀ ਇਕ ਅਦਾਲਤ ਨੇ ਵਿੱਕੀਲੀਕਸ ਸਾਈਟ ਦੇ ਮੋਢੀ ਜੂਲੀਅਨ ਅਸਾਂਜੇ ਨੂੰ 2012 ਵਿੱਚ ਜ਼ਮਾਨਤ ਸ਼ਰਤਾਂ ਦਾ ਉਲੰਘਣ ਕੀਤੇ ਜਾਣ ਦਾ ਦੋਸ਼ੀ ਪਾਇਆ ਹੈ। ਅਦਾਲਤ ਵੱਲੋਂ ਸਜ਼ਾ ਦਾ ਐਲਾਨ ਹੋਣ ਤੱਕ ਅਸਾਂਜੇ ਨੂੰ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ। ਉਸ ਨੂੰ 12 ਮਹੀਨੇ ਦੀ ਸਜ਼ਾ ਹੋ ਸਕਦੀ ਹੈ। ਕੰਪਿਊਟਰ ਹੈਕਿੰਗ ਲਈ ਉਸ ਦੇ ਖਿਲਾਫ ਅਮਰੀਕਾ ਵੱਲੋਂ ਕੀਤੀ ਇਕ ਅਪੀਲ ਉੱਤੇ 2 ਮਈ ਨੂੰ ਉਸ ਨੂੰ ਅਦਾਲਤ ਦੀ ਇਕ ਹੋਰ ਸੁਣਵਾਈ ਦਾ ਵੀ ਸਾਹਮਣਾ ਕਰਨਾ ਪਵੇਗਾ ਤੇ ਉਹ ਵੀ ਮਾਮਲਾ ਗੰਭੀਰ ਹੈ।

ਬ੍ਰਿਟਿਸ਼ ਪੁਲਸ ਨੇ ਜੂਲੀਅਨ ਅਸਾਂਜੇ ਨੂੰ 7 ਸਾਲਾਂ ਬਾਅਦ ਲੰਡਨ ਦੇ ਇਕਵਾਡੋਰ ਦੂਤਘਰ ਤੋਂ ਗ੍ਰਿਫਤਾਰ ਕੀਤਾ ਹੈ। ਵਿੱਕੀਲੀਕਸ ਪਿਛਲੇ ਇਕ ਦਹਾਕੇ ਤੋਂ ਵੱਧ ਸਮੇਂ ਤੋਂ ਚਰਚਾ ਵਿੱਚ ਹੈ।



ਵਰਨਣ ਯੋਗ ਹੈ ਕਿ ਵਿੱਕੀਲੀਕਸ ਦੀ ਸਥਾਪਨਾ 2006 ਵਿੱਚ ਆਸਟ੍ਰੇਲੀਆ ਵਿੱਚ ਜਨਮੇ ਅਸਾਂਜੇ ਨੇ ਕੀਤੀ ਅਤੇ ਕਿਹਾ ਸੀ ਕਿ ਉਹ ਖੁਫੀਆ ਜਾਣਕਾਰੀ ਛਾਪਣ ਅਤੇ ਸੂਤਰਾਂ ਦੀ ਸੁਰੱਖਿਆ ਲਈ ਇਨਕ੍ਰਿਪਸ਼ਨ ਅਤੇ ਸੈਂਸਰਸ਼ਿਪ ਪਰੂਫ ਵੈੱਬਸਾਈਟ ਦੀ ਵਰਤੋਂ ਕਰਨਗੇ। ਸਭ ਤੋਂ ਪਹਿਲਾਂ 2007 ਵਿੱਚ ਇਸ ਨੇ ਦੁਨੀਆ ਦਾ ਧਿਆਨ ਓਦੋਂ ਖਿੱਚਿਆ ਸੀ, ਜਦੋਂ ਇਸ ਨੇ ਗਵਾਂਤਾਨਾਮੋ ਬੇਅ ਵਿੱਚ ਰਹਿੰਦੇ ਅਮਰੀਕੀ ਜੇਲ ਗਾਰਡਸ ਲਈ ਬਣੇ ਨਿਯਮਾਂ ਨੂੰ ਜਾਰੀ ਕੀਤਾ ਸੀ, ਪਰ 2010 ਵਿੱਚਵਿੱਕੀਲੀਕਸ ਨੇ ਉਦੋਂ ਉਡਾਣ ਭਰੀ, ਜਦੋਂ ਨਿਊਯਾਰਕ ਟਾਈਮਜ਼, ਦਿ ਗਾਰਡੀਅਨ, ਡੇਰ ਸਪਾਈਗੇਲ, ਲੇਅ ਮੋਂਡੇ ਅਤੇ ਅਲ ਪਾਈਸ ਨਾਲ ਕੰਮ ਕੀਤਾ ਤੇ ਲੱਖਾਂ ਖੁਫੀਆ ਸਿਆਸੀ ਦਸਤਾਵੇਜ਼ ਜਾਰੀ ਕੀਤੇ ਸਨ। ਅੱਜ ਤੱਕ ਵਿੱਕੀਲੀਕਸ ਨੇ ਸਿਆਸਤਦਾਨਾਂ, ਸਰਕਾਰਾਂ ਅਤੇ ਸੰਗਠਨਾਂ ਨਾਲ ਜੁੜੇ 1 ਕਰੋੜ ਤੋਂਵੱਧ ਦਸਤਾਵੇਜ਼ ਤੇ ਵਿਸ਼ਲੇਸ਼ਣ ਲੀਕ ਕੀਤੇ ਹਨ।

ਇਸ ਦੇ ਸ਼ੁਰੂ ਦੇ ਦਿਨਾਂ ਵਿੱਚ ਅਮਰੀਕਾ ਤੋਂ ਯੂਰਪ, ਚੀਨ, ਅਫਰੀਕਾ ਤੇ ਮਿਡਲ ਈਸਟ ਤੱਕ ਦੀਆਂ ਸਰਕਾਰਾਂ ਦੇ ਖੁਫੀਆ ਦਸਤਾਵੇਜ਼ ਲੀਕ ਕੀਤੇ, ਪਰ ਕੁਝ ਸਮੇਂ ਬਾਅਦ ਅਮਰੀਕਾ ਨਾਲ ਜੁੜੇ ਦਸਤਾਵੇਜ਼ਾਂ ਨੂੰ ਲੀਕ ਕਰਨ ਦਾ ਸਿਲਸਿਲਾ ਵਧਾ ਦਿੱਤਾ ਸੀ। ਉਸ ਨੇ ਇਹ ਦੋਸ਼ ਰੱਦ ਕੀਤਾ ਕਿ ਉਹ ਰੂਸ ਨਾਲ ਮਿਲ ਕੇ ਕੰਮ ਕਰਦਾ ਹੈ। ਵਿੱਕੀਲੀਕਸ ਨੇ 2016 ਵਿੱਚ ਅਮਰੀਕਾ ਦੀ ਡੈਮੋਕ੍ਰੇਟਿਕ ਪਾਰਟੀ ਦੇ ਅਧਿਕਾਰੀਆਂ ਦੇ ਉਹ ਈ-ਮੇਲਸ ਰਿਲੀਜ਼ ਕਰ ਕੇ ਹਲਚਲ ਮਚਾ ਦਿੱਤੀ ਸੀ, ਜਿਨ੍ਹਾਂ ਵਿੱਚ ਅਮਰੀਕੀ ਰਾਸ਼ਟਰਪਤੀ ਦੀਆਂ ਪ੍ਰਾਇਮਰੀ ਚੋਣਾਂਮੌਕੇ ਲੈਫਟ ਵਿੰਗ ਉਮੀਦਵਾਰ ਬਰਨੀ ਸੈਂਡਰਸ ਦੀ ਬਜਾਏ ਹਿਲੇਰੀ ਕਲਿੰਟਨ ਨੂੰ ਸਮਰਥਨ ਦੇਣ ਤੇ ਵੱਡੇ ਅਹੁਦੇ ਉੱਤੇ ਬੈਠੇ ਪਾਰਟੀ ਮੈਂਬਰਾਂ ਨੂੰ ਅਸਤੀਫਾ ਦੇਣ ਨੂੰ ਕਿਹਾ ਗਿਆ ਸੀ।

## ਕਾਂਗਰਸ ਵੱਲੋਂ ਸੰਗਰੂਰ ਤੋਂ ਕੇਵਲ ਢਿੱਲੋਂ ਅਤੇ ਆਨੰਦਪੁਰ ਸਾਹਿਬ ਤੋਂ ਮਨੀਸ਼ ਤਿਵਾੜੀ ਚੋਣ ਲੜਨਗੇ

ਚੰਡੀਗੜ੍ਹ, 11 ਅਪਰੈਲ, (ਪੋਸਟ ਬਿਊਰੋ)- ਅਗਲੇ ਦਿਨੀਂ ਹੋ ਰਹੀਆਂ ਪਾਰਲੀਮੈਂਟ ਚੋਣਾਂ ਲਈ ਕਾਂਗਰਸ ਪਾਰਟੀ ਨੇ ਅੱਜ ਪੰਜਾਬ ਦੀਆਂ ਦੋ ਸੀਟਾਂ ਲਈ ਆਪਣੇ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਹੈ। ਕਾਂ-ਗਰਸ ਨੇ ਅਨੰਦਪੁਰ ਸਾਹਿਬ ਤੋਂ ਪਾਰਟੀ ਦੇ ਬੁਲਾਰੇ ਮੁਨੀਸ਼ ਤਿਵਾੜੀ ਅਤੇ ਸੰਗਰੂਰ ਤੋਂਸਾਬਕਾ ਵਿਧਾਇਕ ਕੇਵਲ ਸਿੰਘ ਢਿਲੋਂ ਨੂੰ ਉਮੀਦਵਾਰ ਵਜੋਂ ਪੇਸ਼ ਕੀਤਾ ਹੈ। ਬਠਿੰਡਾ ਅਤੇ ਫਿਰੋਜ਼ਪੁਰ ਸੀਟਾਂ ਲਈ ਕਾਂਗਰਸ ਪਾਰਟੀ ਵਲੋਂ ਅਕਾਲੀ ਦਲ ਦਾ ਉਮੀਦਵਾਰ ਐਲਾਨੇ ਜਾਣ ਤੋਂ ਬਾਅਦ ਐਲਾਨ ਕੀਤਾ ਜਾਵੇਗਾ। ਪਤਾ ਲੱਗਾ ਹੈ ਕਿ ਬਠਿੰਡਾ ਤੇ ਫਿਰੋਜ਼ਪੁਰ ਲਈ ਉਮੀਦਵਾਰਾਂ ਦੇ ਨਾਵਾਂ ਉੱਤੇ ਚਰਚਾ ਕਰਨ ਦੀ ਥਾਂ ਅਕਾਲੀ ਦਲ ਦੇ ਉਮੀਦਵਾਰਾਂ ਦਾ ਐਲਾਨ ਹੋਣ ਤੱਕ ਫੈਸਲਾ ਰੋਕ ਲਿਆ ਗਿਆ ਹੈ। ਅੱਜ ਕਾਂਗਰਸ ਵੱਲੋਂ ਮੁਨੀਸ਼ ਤਿਵਾੜੀ ਤੇ ਕੇਵਲ ਢਿੱਲੋਂ ਨੂੰ ਉਮੀਦਵਾਰ ਬਣਾਉਣ ਨਾਲ 11 ਲੋਕ ਸਭਾ ਸੀਟਾਂ ਲਈ ਉਮੀਦਵਾਰ ਐਲਾਨ ਕਰਨ ਦਾ ਕੰਮ ਖ਼ਤਮ ਹੋ ਗਿਆ ਹੈ। ਆਨੰਦਪੁਰ ਸਾਹਿਬ ਤੋਂ ਮੁਨੀਸ਼ ਤਿਵਾੜੀ ਤੇ ਸੰਗਰੂਰ ਤੋਂ ਕੇਵਲ ਸਿੰਘ ਢਿੱਲੋਂ ਨੂੰ ਚੋਣ ਲੜਾਉਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖੁਦ ਜ਼ੋਰ ਲਾ ਰਹੇ ਸਨ।








Paramjit Deol Broker CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



Your neighborhood broker, Call Paramjit Deol Today

TORONTO $6.99/Sq Ft — 22 Arrow Rd 1: Rear Freestanding Building, Approx. 7,000 Sq Ft, Zoning Allows For Industrial, Retail & Outside Storage. Currently Operating As A Furniture Store. Located In High Demand Area.

Chatham-Kent $85,000 — 2 Chittim Rd 408 : Excellent Opportunity For Investors & 1st Time Buyers, Excellent Location, Low Maintenance, Close To Downtown & To Hwy 401, Currently Tenanted Property, Low Maintenance Fee.

TORONTO $140,000 — 45 Four Winds Dr : Pizza Store For Sale In A Busy Mall Steps To York University, Tons Of Foot Traffic, Walking Distance From Kids Schools, Residential Apartments/ Condos Minutes Away.

BRAMPTON $169,900 — Photo Not Available — 537 Van Kirk Dr 110 : Turn Key Operation, Well-Established Pets Pizzeria, No Franchise Fees Or Royalty, Low Rent Of $2,700. Situated In A good Neighborhood, Sales Of $30,000 Per Month.

BRAMPTON $195,900 — Photo Not Available — 2070 Steeles Ave 18: Turn Key Operation, Well Established Truck Repair Shop, Located In Brampton. Be Your Own Boss Today. Situated On A Very Busy Street With Tons Of Trucks Passing By Daily, Great Clientele, Sales Are $55,000 Per Month As Per Seller.

BRAMPTON $199,900 — Photo Not Available — 8770 The Gore Rd 6 : Turn Key Operation, Well Established Sri Lankan & South Indian Restaurant, Be Your Own Boss Today, Situated In A Very Busy Plaza, Surrounded By Thousands Of Homes, High Traffic Flow.

BRAMPTON $199,000 — 25 Cherrycrest Dr: Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Money Making Opportunity, Sales Are $55,000 Per Month

BRAMPTON $369,000 — 15 Brisdale Dr 7&8 : ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜ਼ੀ ਪਲਾਜ਼ਾ ਅਤੇ ਆਮਦਨ $70,000/ਮਹੀਨਾ, ਆਦਿ।

TORONTO $309,000 — 320 Dixon Rd 1715: Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest.

BRAMPTON $349,000 — SUBWAY eat fresh. — 3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

BRAMPTON $449,000 — 315 Royal West Dr F & G : Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,

MISSISSAUGA $469,000 — Photo Not Available — 349 Rathburn Rd W 1601: First Time Buyers & Investors Assignment Sale New Condo Project Located Just Few Minutes From Square One, Sheridan College, Movie Theater, Go Bus Terminal, Hey 403, Library, Restaurants And Many More Amenities.

BRAMPTON $469,000 — Photo Not Available — 537 Van Kirk Dr 110: For sale Please call 905-405-8484

BRANTFORD $525,000 — 118&120 Morrell St: Great Investment With Great Income!!! Located In Brantford , Total Space Of 4,000 Sq Ft. 2,000 Sq Ft Of Storefront & 4 One Bedroom Apartments. All Are Currently Leased.

MISSISSAUGA $629,000 — Photo Not Available — 7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

BRAMPTON $779,000 — 9 Loftsmoor Dr: Immaculate Semidetached Corner Lot With Lots Of Sunshine All Year Around, Plus An Over Sized Backyard, Gleaming Hardwood Floors & Upgraded Washrooms. Must See

*Canadian punjabi post assumes no responsibility for the accuracy of any information shown. Copyright Ppost 2019

# ਫਰੀਦਕੋਟ ਦਾ ਡਿਪਟੀ ਕਮਿਸ਼ਨਰ ਚੋਣ ਕਮਿਸ਼ਨ ਨੇ ਬਦਲਿਆ



ਚੰਡੀਗੜ੍ਹ, 11 ਅਪ੍ਰੈਲ (ਪੋਸਟ ਬਿਊਰੋ)- ਚੋਣ ਕਮਿਸ਼ਨ ਨੇ ਕੱਲ੍ਹ ਫਰੀਦਕੋਟ ਦੇ ਡਿਪਟੀ ਕਮਿਸ਼ਨਰ ਗੁਰਲਵਲੀਨ ਸਿੰਘ ਸਿੱਧੂ ਨੂੰ ਤਬਦੀਲ ਕਰ ਦਿੱਤਾ ਹੈ। ਇਸ ਬਾਰੇ ਕਮਿਸ਼ਨ ਦੇ ਹੁਕਮਾਂ ਮੁਤਾਬਕ ਉੜੀਸਾ 'ਚ ਅਬਜ਼ਰਬਰ (ਚੋਣ ਨਿਗਰਾਨ) ਵਜੋਂ ਡਿਊਟੀ ਨਿਭਾਉਣ ਗਏ ਹੋਏ 2011 ਬੈਚ ਦੇ ਆਈ ਏ ਐਸ ਅਧਿਕਾਰੀ ਕੁਮਾਰ ਸੌਰਭ ਰਾਜ ਨੂੰ ਫਰੀਦਕੋਟ ਦਾ ਨਵਾਂ ਡਿਪਟੀ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ ਅਤੇ ਗੁਰਲਵਲੀਨ ਸਿੱਧੂ ਨੂੰ ਕੁਮਾਰ ਸੌਰਭ ਰਾਜ ਦੀ ਥਾਂ 'ਤੇ ਉੜੀਸਾ ਵਿੱਚ ਆਬਜ਼ਰਵਰ ਵਜੋਂ ਜਾਣ ਲਈ ਕਹਿ ਦਿੱਤਾ ਗਿਆ ਹੈ।

ਜਾਣਕਾਰ ਸੂਤਰਾਂ ਮੁਤਾਬਕ ਸਰਕਾਰ ਵੱਲੋਂ ਜਿਨ੍ਹਾਂ ਅਫਸਰਾਂ ਦੇ ਨਾਮ ਡਿਪਟੀ ਕਮਿਸ਼ਨਰ ਤਾਇਨਾਤ ਕਰਨ ਲਈ ਸੁਝਾਏ ਗਏ ਸਨ, ਚੋਣ ਕਮਿਸ਼ਨ ਨੇ ਉਨ੍ਹਾਂ ਨੂੰ ਇਕ ਤਰ੍ਹਾਂ ਨਾਲ ਨਾਮਨਜ਼ੂਰ ਕਰ ਦਿੱਤਾ ਅਤੇ ਆਪਣੇ ਪੱਧਰ ਉੱਤੇ 2011 ਬੈਚ ਦੇ ਅਫਸਰ ਦੀ ਚੋਣ ਕਰ ਲਈ ਹੈ। ਚੋਣ ਕਮਿਸ਼ਨ ਨੇ ਅਧਿਕਾਰੀਆਂ ਦੇ ਤਬਾਦਲਿਆਂ ਦੇ ਮਾਮਲੇ ਵਿੱਚ ਕੈਪਟਨ ਸਰਕਾਰ ਨੂੰ ਲਗਾਤਾਰ ਤੀਜਾ ਝਟਕਾ ਦਿੱਤਾ ਹੈ। ਵਰਨਣ ਯੋਗ ਹੈ ਕਿ ਚੋਣ ਕਮਿਸ਼ਨ ਨੇ ਕੁਝ ਦਿਨ ਪਹਿਲਾਂ ਬਠਿੰਡਾ ਦੇ ਡਿਪਟੀ ਕਮਿਸ਼ਨਰ ਪਰਨੀਤ ਭਾਰਦਵਾਜ ਨੂੰ ਤਬਦੀਲ ਕਰਕੇ 2011 ਬੈਚ ਦੇ ਆਈ ਏ ਐਸ ਅਧਿਕਾਰੀ ਬੀ ਸ੍ਰੀਨਿਵਾਸਨ ਨੂੰ ਉਥੋਂ ਦਾ ਡੀ ਸੀ ਤਾਇਨਾਤ ਕਰ ਦਿੱਤਾ ਸੀ। ਸ੍ਰੀਨਿਵਾਸਨ ਵੀ ਤਿਲੰਗਾਨਾ ਸੂਬੇ ਵਿੱਚ ਚੋਣ ਨਿਗਰਾਨ ਵਜੋਂ ਡਿਊਟੀ ਨਿਭਾਉਣ ਲਈ ਭੇਜੇ ਹੋਏ ਸਨ। ਪੰਜਾਬ ਕਾਡਰ ਦੇ ਕੁਮਾਰ ਰਾਹੁਲ ਨੂੰ ਤਿਲੰਗਾਨਾ ਸੂਬੇ ਵਿੱਚ ਸ੍ਰੀਨਿਵਾਸਨ ਦੀ ਥਾਂ ਚੋਣ ਨਿਗਰਾਨ ਵਜੋਂ ਤੁਰੰਤ ਤਾਇਨਾਤ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਬੇਅਦਬੀ ਅਤੇ ਗੋਲੀ ਕਾਂਡ ਦੀ ਜਾਂਚ ਕਰਨ ਵਾਲੀ ਵਿਸ਼ੇਸ਼ ਜਾਂਚ ਟੀਮ ਦੇ ਮੈਂਬਰ ਆਈ ਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਤਬਦੀਲ ਕਰਨ ਦੇ ਹੁਕਮ ਦਿੱਤੇ ਜਾ ਚੁੱਕੇ ਹਨ। ਪਤਾ ਲੱਗਾ ਹੈ ਕਿ ਫਰੀਦਕੋਟ ਤੋਂ ਤਬਦੀਲ ਕੀਤੇ ਗਏ ਆਈ ਏ ਐਸ ਅਧਿਕਾਰੀ ਮੋਗਾ ਜ਼ਿਲੇ ਦੇ ਮੂਲ ਵਾਸੀ ਹਨ ਤੇ ਇਹ ਜ਼ਿਲਾ ਫਰੀਦਕੋਟ ਪਾਰਲੀਮੈਂਟਰੀ ਹਲਕੇ ਦਾ ਹਿੱਸਾ ਹੈ। ਚੋਣ ਕਮਿਸ਼ਨ ਦੀਆਂ ਸਪੱਸ਼ਟ ਹਦਾਇਤਾਂ ਹਨ ਕਿ ਚੋਣਾਂ ਨਾਲ ਸਬੰਧਤ ਕਿਸੇ ਵੀ ਅਧਿਕਾਰੀ ਨੂੰ ਆਪਣੇ ਜ਼ਿਲੇ ਵਿੱਚ ਤਾਇਨਾਤ ਨਾ ਕੀਤਾ ਜਾਵੇ। ਸਰਕਾਰੀ ਪੱਧਰ ਉੱਤੇ ਇਹ ਵੀ ਅਣਗਹਿਲੀ ਮੰਨੀ ਜਾ ਰਹੀ ਹੈ।

ਇਸ ਦੌਰਾਨ ਜਲੰਧਰ ਦੇ ਪਾਦਰੀ ਦੀ ਛੇ ਕਰੋੜ ਰੁਪਏ ਦੀ ਨਕਦੀ ਗੁੰਮ ਹੋਣ ਦਾ ਮਾਮਲਾ ਵੀ ਸਰਕਾਰ ਅਤੇ ਸੀਨੀਅਰ ਪੁਲਸ ਅਧਿਕਾਰੀਆਂ ਲਈ ਸਿਰਦਰਦੀ ਬਣ ਸਕਦਾ ਹੈ। ਸੂਤਰਾਂ ਨੇ ਦੱਸਿਆ ਕਿ ਜਿਸ ਤਰ੍ਹਾਂ ਇਕ ਡੀ ਐਸ ਪੀ ਅਤੇ ਦੋ ਇੰਸਪੈਕਟਰ ਰੈਂਕ ਦੇ ਮੁਲਾਜ਼ਮਾਂ ਦੀ ਭੂਮਿਕਾ ਸ਼ੱਕੀ ਬਣਦੀ ਜਾ ਰਹੀ ਹੈ, ਉਸ ਨਾਲ ਕਈ ਲਪੇਟੇ 'ਚ ਆ ਸਕਦੇ ਹਨ। ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੇ ਇਸ ਬਾਰੇ ਸੂਬੇ ਦੇ ਡੀ ਜੀ ਪੀ ਦਿਨਕਰ ਗੁਪਤਾ ਵੱਲ ਨਿਸ਼ਾਨਾ ਸੇਧਦਿਆਂ ਪੁਲਸ ਅਧਿਕਾਰੀਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ।

# 31 ਜਨਵਰੀ ਤੋਂ ਪੰਜਾਬ ਵਿੱਚ ਚਾਰ ਲੱਖ ਨਵੇਂ ਵੋਟਰ ਰਜਿਸਟਰ

ਚੰਡੀਗੜ੍ਹ, 11 ਅਪ੍ਰੈਲ (ਪੋਸਟ ਬਿਊਰੋ)- ਪਾਰਲੀਮੈਂਟ ਲਈ ਪੰਜਾਬ ਵਿੱਚੋਂ 19 ਮਈ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਡੇਢ ਮਹੀਨੇ ਤੋਂ ਵੀ ਘੱਟ ਸਮਾਂ ਰਹਿ ਗਿਆ ਹੈ। ਚੋਣ ਕਮਿਸ਼ਨ ਵੱਧ ਤੋਂ ਵੱਧ ਯੋਗ ਲੋਕਾਂ ਨੂੰ ਵੋਟਰ ਵਜੋਂ ਰਜਿਸਟਰ ਕਰਨ ਅਤੇ ਜਾਗਰੂਕ ਕਰਨ ਦੀ ਮੁਹਿੰਮ ਚਲਾ ਰਿਹਾ ਹੈ। ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਆਖਰੀ ਮਿਤੀ ਤੋਂ ਪਹਿਲਾਂ ਆਪਣੇ ਆਪ ਨੂੰ ਵੋਟਰ ਵਜੋਂ ਰਜਿਸਟਰ ਕਰਵਾ ਸਕਦਾ ਹੈ ਅਤੇ ਅਜੇ ਵੀ ਕੁਝ ਸਮਾਂ ਬਾਕੀ ਹੈ।

ਲੋਕ ਪ੍ਰਤੀਨਿਧਤਾ ਕਾਨੂੰਨ 1951 ਵਿੱਚ ਧਾਰਾ 62 ਅਨੁਸਾਰ ਜਿਸ ਵਿਅਕਤੀ ਦਾ ਨਾਮ ਵੋਟਰ ਸੂਚੀ ਵਿੱਚ ਵੋਟਰ ਵਜੋਂ ਦਰਜ ਹੋਵੇਗਾ, ਉਹੀ ਵਿਅਕਤੀ ਸਬੰਧਤ ਲੋਕ ਸਭਾ ਹਲਕੇ ਵਿੱਚ ਵੋਟ ਪਾਉਣ ਦਾ ਹੱਕਦਾਰ ਹੋਵੇਗਾ। ਪੰਜਾਬ ਵਿੱਚ 13 ਲੋਕ ਸਭਾ ਸੀਟਾਂ ਲਈ 19 ਮਈ 2019 ਨੂੰ ਇਕੋ ਪੜਾਅ ਵਿੱਚ ਵੋਟਾਂ ਪੈਣਗੀਆਂ। ਉਮੀਦਵਾਰਾਂ ਲਈ ਨਾਮਜ਼ਦਗੀਆਂ ਭਰਨ ਦੀ ਆਖਰੀ ਤਰੀਕ 29 ਅਪ੍ਰੈਲ ਹੈ। ਪੰਜਾਬ ਲਈ ਮੁੱਖ ਚੋਣ ਅਫਸਰ ਡਾ. ਰਾਜੂ ਨੇ ਦੱਸਿਆ ਕਿ ਚੋਣ ਕਮਿਸ਼ਨ ਚਾਹੁੰਦਾ ਹੈ ਕਿ ਜੋ ਵਿਅਕਤੀ ਵੋਟ ਪਾਉਣਾ ਚਾਹੁੰਦਾ ਹੈ, ਉਹ ਨਾਮਜ਼ਦਗੀਆਂ ਭਰਨ ਦੀ ਆਖਰੀ ਮਿਤੀ ਤੋਂ ਘੱਟੋ-ਘੱਟ 10 ਦਿਨ ਪਹਿਲਾਂ ਰਜਿਸਟਰ ਕਰਵਾ ਲਵੇ ਅਤੇ ਇਸ ਤਰ੍ਹਾਂ ਪੰਜਾਬ ਵਿੱਚ ਰਜਿਸਟਰੇਸ਼ਨਾਂ ਲਈ ਆਖਰੀ ਮਿਤੀ 19 ਅਪ੍ਰੈਲ ਨਿਰਧਾਰਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ 31-1-2019 ਤੱਕ ਪੰਜਾਬ ਵਿੱਚ 2,03,74,375 ਵੋਟਰ ਹਨ। ਇਸ ਤੋਂ ਬਾਅਦ ਚਾਰ ਲੱਖ ਤੋਂ ਵੱਧ ਨਵੇਂ ਵੋਟਰ ਰਜਿਸਟਰ ਹੋਏ ਹਨ, ਜਿਨ੍ਹਾਂ ਵਿੱਚੋਂ 182422 ਵੋਟਰ 18-25 ਸਾਲ ਉਮਰ ਵਰਗ ਨਾਲ ਸਬੰਧਤ ਹਨ। ਡਾ. ਰਾਜੂ ਨੇ ਦੱਸਿਆ ਕਿ ਰਜਿਸਟਰੇਸ਼ਨ ਦੀ ਪ੍ਰਕਿਰਿਆ ਨੂੰ ਸੁਖਾਲਾ ਕੀਤਾ ਗਿਆ ਹੈ। ਲੋਕ ਆਪਣੀ ਜਾਣਕਾਰੀ ਦੀ ਜਾਂਚ ਵੋਟਰ ਹੈਲਪਲਾਈਨ ਐਪ 'ਤੇ ਜਾਂ ਵੈਬਸਾਈਟ 'ਤੇ ਲਾਗ ਇਨ ਕਰ ਸਕਦੇ ਹਨ।

# ਦੋ ਪੁੱਤਰਾਂ ਤੇ ਸੱਠ ਹਜ਼ਾਰ ਪੈਨਸ਼ਨ ਦੇ ਹੁੰਦਿਆਂ ਵੀ ਬੇਘਰ ਹੋਈ ਹੈ ਅੰਬੋ

ਗੜ੍ਹਸ਼ੰਕਰ, 11 ਅਪ੍ਰੈਲ (ਪੋਸਟ ਬਿਊਰੋ)- ਇਸ ਤਹਿਸੀਲ ਦੇ ਪਿੰਡ ਸਲੇਮਪੁਰ ਦੇ ਇਕ ਸੇਵਾਮੁਕਤ ਫੌਜੀ ਵੱਲੋਂ ਆਪਣੀ 90 ਸਾਲਾ ਮਾਤਾ ਨੂੰ ਘਰੋਂ ਕੱਢ ਕੇ ਉਸ ਦਾ ਘਰੇਲੂ ਸਾਮਾਨ ਪਿੰਡ ਦੇ ਗੁਰਦੁਆਰੇ ਵਿੱਚ ਰੱਖ ਦੇਣ ਦਾ ਪਤਾ ਲੱਗਾ ਹੈ, ਜਦ ਕਿ ਸਾਬਕਾ ਫੌਜੀ ਨੇ ਆਪਣੇ ਭਰਾ ਉਤੇ ਮਾਤਾ ਨੂੰ ਘਰ ਵਿੱਚ ਇਕੱਲੀ ਰੱਖਣ ਦਾ ਦੋਸ਼ ਲਾਇਆ ਹੈ।

ਬਜ਼ੁਰਗ ਮਾਤਾ ਸ਼ਰਨਜੀਤ ਕੌਰ ਆਜ਼ਾਦ ਹਿੰਦ ਫੌਜ ਨਾਲ ਜੁੜੇ ਆਜ਼ਾਦੀ ਘੁਲਾਟੀਏ ਮਰਹੂਮ ਗੁਰਬਚਨ ਸਿੰਘ ਦੀ ਪਤਨੀ ਹੈ। ਸ਼ਰਨਜੀਤ ਕੌਰ ਦੇ ਪੁੱਤਰ ਗੁਰਜੀਤ ਸਿੰਘ ਨੇ ਪੁਸ਼ਤੈਨੀ ਘਰ ਨੂੰ ਵੇਚ ਕੇ ਕੱਲ੍ਹ ਮਾਤਾ ਦਾ ਘਰੇਲੂ ਸਾਮਾਨ ਉਦੋਂ ਪਿੰਡ ਦੇ ਗੁਰਦੁਆਰੇ ਰੱਖ ਦਿੱਤਾ, ਜਦੋਂ ਉਹ ਆਪਣੇ ਦੂਜੇ ਪੁੱਤਰ ਨਾਲ ਹਰਿਮੰਦਰ ਸਾਹਿਬ ਅੰਮ੍ਰਿਤਸਰ ਮੱਥਾ ਟੇਕਣ ਗਈ ਹੋਈ ਸੀ। ਇਸ ਬਾਰੇ ਬਿਰਧ ਮਾਤਾ ਦੇ ਦੂਜੇ ਪੁੱਤਰ ਸੁਰਜੀਤ ਸਿੰਘ ਨੇ ਦੱਸਿਆ ਕਿ ਉਹ ਦੋਵੇਂ ਅੱਡ-ਅੱਡ ਰਹਿੰਦੇ ਹਨ ਤੇ ਮਾਤਾ ਆਪਣੇ ਪੁਸ਼ਤੈਨੀ ਘਰ ਵਿੱਚ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਉਸ ਦਾ ਦੂਜਾ ਭਰਾ ਜਲੰਧਰ ਵਿਖੇ ਰਹਿੰਦਾ ਹੈ ਅਤੇ ਉਹ ਪਿਛਲੇ ਕੁਝ ਸਾਲਾਂ ਤੋਂ ਪੁਸ਼ਤੈਨੀ ਘਰ ਨੂੰ ਵੇਚਣ ਦੀਆਂ ਕੋਸ਼ਿਸ਼ਾਂ ਕਰ ਰਿਹਾ ਸੀ, ਪਰ ਮਾਤਾ ਇਸ ਦੇ ਹੱਕ ਵਿੱਚ ਨਹੀਂ ਸੀ। ਕੱਲ੍ਹ ਉਸ ਦੇ ਭਰਾ ਨੇ ਜਬਰੀ ਮਾਤਾ ਦਾ ਸਾਮਾਨ ਪਿੰਡ ਦੇ ਗੁਰਦੁਆਰਾ ਸਾਹਿਬ ਰੱਖ ਦਿੱਤਾ ਤੇ ਘਰ ਕਿਸੇ ਹੋਰ ਨੂੰ ਵੇਚ ਕੇ ਉਸ ਨੂੰ ਕਬਜ਼ਾ ਦੁਆ ਦਿੱਤਾ। ਉਨ੍ਹਾਂ ਕਿਹਾ ਕਿ ਇਸ ਪਿੱਛੋਂ ਉਸ ਦੇ ਭਰਾ ਨੇ ਉਸ ਦੇ ਖਿਲਾਫ ਗੜ੍ਹਸ਼ੰਕਰ ਥਾਣੇ ਨੂੰ ਅਰਜ਼ੀ ਵੀ ਦੇ ਦਿੱਤੀ ਅਤੇ ਉਲਟਾ ਧੱਕੇਸ਼ਾਹੀ ਦਾ ਝੂਠਾ ਦੋਸ਼ ਲਵਾ ਦਿੱਤਾ। ਉਨ੍ਹਾਂ ਇਸ ਮਾਮਲੇ ਵਿੱਚ ਪ੍ਰਸ਼ਾਸਨ ਤੋਂ ਕਾਰਵਾਈ ਦੀ ਮੰਗ ਕੀਤੀ ਅਤੇ ਮਾਤਾ ਦਾ ਪੁਸ਼ਤੈਨੀ ਘਰ ਵਾਪਸ ਦੁਆਉਣ ਦੀ ਮੰਗ ਕੀਤੀ।

ਇਸ ਮੌਕੇ ਮਾਤਾ ਸ਼ਰਨਜੀਤ ਕੌਰ ਨੇ ਕਿਹਾ ਕਿ ਪੁਸ਼ਤੈਨੀ ਘਰ ਉਸ ਦਾ ਆਪਣਾ ਹੈ ਅਤੇ ਉਹ ਕਿਸੇ ਕੀਮਤ 'ਤੇ ਇਸ ਨੂੰ ਵੇਚਣਾ ਨਹੀਂ ਚਾਹੁੰਦੀ। ਡੀ ਐਸ ਪੀ ਸਤੀਸ਼ ਕੁਮਾਰ ਨੇ ਕਿਹਾ ਕਿ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਹੈ ਅਤੇ ਇਸ ਬਾਰੇ ਦੋਵੇਂ ਧਿਰਾਂ ਨੂੰ ਬੁਲਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਆਜ਼ਾਦੀ ਘੁਲਾਟੀਏ ਦੀ ਪਤਨੀ ਨੂੰ ਹਰ ਤਰ੍ਹਾਂ ਨਾਲ ਇਨਸਾਫ ਦੁਆਇਆ ਜਾਵੇਗਾ। ਮਾਤਾ ਸ਼ਰਨਜੀਤ ਕੌਰ ਦੇ ਜਲੰਧਰ ਰਹਿੰਦੇ ਦੂਜੇ ਪੁੱਤਰ ਗੁਰਜੀਤ ਸਿੰਘ ਨੇ ਕਿਹਾ ਕਿ ਇਹ ਮਾਮਲਾ ਵਸੀਅਤ ਨਾਲ ਜੁੜਿਆ ਹੈ ਤੇ ਇਸ ਜ਼ਮੀਨ ਦੀ ਵੰਡ ਵੰਡਾਈ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਮਾਤਾ ਦੀ 60 ਹਜ਼ਾਰ ਰੁਪਏ ਪੈਨਸ਼ਨ ਉਸ ਦੇ ਭਰਾ ਸੁਰਜੀਤ ਸਿੰਘ ਵੱਲੋਂ ਰੱਖੀ ਜਾ ਰਹੀ ਹੈ, ਪਰ ਉਸ ਦੀ ਸੰਭਾਲ ਨਹੀਂ ਕਰ ਰਿਹਾ।


ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224



GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648



A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ
Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ



Tax & Accounting

ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?

• TAX • HST REBATE • CORPORATION SET UP
• ACCOUNTING • BUSINESS LOAN

CA Chartered Accountants of Canada
CPA Chartered Professional Accountants
info@cagrover.com



ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ: 905.247.0193
148-2960 Drew Road, Mississauga ON L4T 0A5 | Harcharan S. Grover






Parents' Council Presents
A Parent Engagement Night

When: Thursday, April 11th, 2019
Where: Sandalwood Secondary School
2671 Sandalwood Parkway East
Brampton, ON L6R 0K7
905-494-0023
Time: 6 PM – 8 PM




| Time | TOPIC | PRESENTER(S) |
|---|---|---|
| 6:15 - 7:00 | How Drugs Affect Our Society | Drugs Awareness Society of Toronto<br>Dr. Parminder Singh |
| 7:00 - 7:15 | Break | |
| 7:15 - 8:00 | Building Resiliency: Strategies for Supporting Mental Health | Ms. Valerie Anderson, Mental Health Resource Clinician, C. Psych.<br>Peel District School Board |
| 7:15 - 8:00 | What You Need to Know About Social Media | Ms. Rupinder Mann, Vice-Principal, PDSB<br>Ms. Mateja Drinovac, Vice-Principal, PDSB<br>Mr. Mark Miller, Instructional Coach, PDSB |

Parents will be able to choose one out of the last two workshops listed above.

Snacks will be provided.



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

Minimum 1 year experience & Trained mechanic

• 6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ

Also need Body Shop Mechanic



ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.533.1100/416.278.7181 (9am to 6pm)

# ਸੰਪਾਦਕੀ

## ਉਂਟੇਰੀਓ ਬੱਜਟ: ਕੰਜ਼ਰਵੇਟਿਵ ਪਹੁੰਚ ਵਿੱਚ ਲਿਬਰਲ ਝਾਤ

ਪਿਛਲੇ 5-6 ਮਹੀਨਿਆਂ ਦੇ ਰਾਜਕਾਲ ਦੇ ਅਨੁਭਵ ਤੋਂ ਬਾਅਦ ਉਂਟੇਰੀਓ ਪ੍ਰੋਵਿੰਸ਼ੀਅਲ ਸਰਕਾਰ ਨੇ ਆਪਣਾ ਪਹਿਲਾ ਬੱਜਟ ਨੂੰ ਜੇ ਇੱਕ ਸ਼ਬਦ ਵਿੱਚ ਬਿਆਨ ਕਰਨਾ ਹੋਵੇ ਤਾਂ 'ਹੋਮੀਓਪੈਥੀ' ਦੀ ਦਵਾਈ ਆਖਿਆ ਜਾ ਸਕਦਾ ਹੈ। ਜੇ ਇਸ ਵਿੱਚ ਕੈਥਲਿਨ ਵਿੰਨ ਦੀ ਲਿਬਰਲ ਸਰਕਾਰ ਵੱਲੋਂ ਹਰ ਕੀਮਤ ਉੱਤੇ ਘਾਟੇ ਦਾ ਬੱਜਟ ਪੇਸ਼ ਕਰਨ ਦੀ ਕਥਾ ਵਿਖਾਈ ਨਹੀਂ ਦੇਂਦੀ ਤਾਂ ਇੱਕ ਕਲਮ ਦੇ ਇੱਕ ਝਟਕੇ ਨਾਲ ਬੱਜਟ ਨੂੰ ਸਾਵਾਂ ਕਰਨ ਦੀ ਕਾਹਲ ਵੀ ਨਜ਼ਰ ਨਹੀਂ ਆਈ। ਇਹ ਬੱਜਟ ਅਜਿਹਾ ਹੈ ਜਿਸ ਵਿੱਚ ਫੋਰਡ ਸਰਕਾਰ ਦੇ ਵਿਰੋਧੀਆਂ ਨੂੰ ਕੁੱਝ ਘੱਟ ਹੀ ਚੰਗਾ ਵਿਖਾਈ ਦੇਵੇਗਾ ਅਤੇ ਕੱਟੜ ਕੰਜ਼ਰਵੇਟਿਵ ਲਈ ਇਸ ਵਿੱਚ ਉਹ ਨਹੀਂ ਜਿਸਦੀ ਉਹ ਆਸ ਰੱਖਦੇ ਸਨ।

ਪਹਿਲੀ ਗੱਲ ਵਿੱਤ ਮੰਤਰੀ ਵਿੱਕ ਫਿਡੇਲੀ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਬੱਜਟ ਅਗਲੇ ਚਾਰ ਸਾਲ ਸਾਵਾਂ ਹੋਣ ਵਾਲਾ ਨਹੀਂ ਹੈ। ਲਿਬਰਲ ਸਰਕਾਰ ਨੇ ਪਿਛਲੇ ਸਾਲ 15 ਬਿਲੀਅਨ ਡਾਲਰ ਘਾਟੇ ਦਾ ਬੱਜਟ ਲਿਆਂਦਾ ਸੀ ਜਿਸਨੂੰ ਹੁਣ 11.7 ਬਿਲੀਅਨ ਉੱਤੇ ਲੈ ਆਂਦਾ ਗਿਆ ਹੈ। ਚੇਤੇ ਰਹੇ ਕਿ 2017 ਵਿੱਚ ਬੱਜਟ ਘਾਟਾ 1.5 ਬਿਲੀਅਨ ਸੀ ਅਤੇ ਅਗਲੇ ਹੀ ਸਾਲ 2018 ਵਿੱਚ ਚੋਣਾਂ ਦੇ ਲਾਚਲ ਵਿੱਚ ਅਜਿਹੇ ਬਟੂਏ ਖੋਲੇ ਕਿ ਘਾਟਾ 15 ਬਿਲੀਅਨ ਉੱਤੇ ਪੁੱਜ ਗਿਆ। ਵੇਖੋ ਅਗਲੇ ਚਾਰ ਸਾਲ ਵਿੱਚ ਫੋਰਡ ਸਰਕਾਰ ਕੀ ਹਾਸਲ ਕਰ ਸਕੇਗੀ।

ਇਸ ਬੱਜਟ ਵਿੱਚ ਕਿਹੜੀਆਂ ਖਾਸ ਗੱਲਾਂ ਹਨ ਜਿਸ ਨਾਲ ਆਮ ਆਦਮੀ ਪ੍ਰਭਾਵਿਤ ਹੋਵੇਗਾ? ਡੇਢ ਲੱਖ ਸਾਲਾਨਾ ਤੋਂ ਘੱਟ ਆਮਦਨ ਵਾਲੇ ਪਰਿਵਾਰਾਂ ਨੂੰ ਬੱਚਿਆਂ ਦੀ ਪ੍ਰਵਰਿਸ਼ ਨਾਲ ਜੁੜੇ ਖਰਚਿਆਂ ਉੱਤੇ ਔਸਤਨ 1250 ਡਾਲਰ ਟੈਕਸ ਕਰੈਡਿਟ ਦਿੱਤਾ ਜਾਵੇਗਾ। ਗੰਭੀਰ ਬਿਮਾਰੀ ਤੋਂ ਪੀੜਤ ਬੱਚੇ ਦੇ ਮਾਪੇ 8250 ਡਾਲਰ ਟੈਕਸ ਕਰੈਡਿਟ ਲੈ ਸਕੱਣਗੇ ਜਦੋਂ ਕਿ ਸੱਤ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਪਰਿਵਾਰਾਂ ਨੂੰ 6000 ਡਾਲਰ ਤੱਕ ਅਤੇ ਸੱਤ ਤੋਂ 16 ਸਾਲ ਉਮਰ ਦੇ ਬੱਚਿਆਂ ਲਈ 3750 ਡਾਲਰ ਦੇ ਬਰਾਬਰ ਟੈਕਸ ਕਰੈਡਿਟ ਮਿਲ ਸਕੇਗਾ। ਇਹ ਸਾਰਾ ਕੁੱਝ ਮਾਪਿਆਂ ਦੀ ਆਮਦਨ ਉੱਤੇ ਨਿਰਭਰ ਕਰੇਗਾ। ਮਕਾਨ ਖਰੀਦਣ ਉੱਤੇ ਪਹਿਲੇ 50 ਹਜ਼ਾਰ ਡਾਲਰ ਉੱਤੇ ਪ੍ਰਸ਼ਾਸ਼ਨ ਟੈਕਸ ਦੀ ਛੋਟ, 19,300 ਡਾਲਰ ਤੋਂ ਘੱਟ ਆਮਦਨ ਵਾਲੇ ਸੀਨੀਅਰਾਂ (ਜੋੜਿਆਂ ਲਈ 32300 ਡਾਲਰ) ਨੂੰ ਮੁਫਤ ਡੈਂਟਲ ਸੇਵਾਵਾਂ, ਅਗਲੇ ਪੰਜ ਸਾਲਾਂ ਵਿੱਚ 1 ਬਿਲੀਅਨ ਡਾਲਰ ਖਰਚ ਕੇ 30,000 ਚਾਈਲਡ ਕੇਅਰ ਸਪੇਸ, ਮੈਂਟਲ ਹੈਲਥ ਲਈ ਅਗਲੇ ਦਸ ਸਾਲਾਂ ਵਿੱਚ 3.8 ਬਿਲੀਅਨ ਡਾਲਰ, ਅਗਲੇ ਪੰਜ ਸਾਲਾਂ ਵਿੱਚ 15,000 ਲੌਂਗ ਟਰਮ ਕੇਅਰ ਬੈੱਡ ਪੈਦਾ ਕਰਨੇ, ਸਕੂਲਾਂ ਦੀ ਮੁਰੰਮਤ ਉੱਤੇ ਇਸ ਸਾਲ 1.4 ਬਿਲੀਅਨ ਡਾਲਰ ਖਰਚ ਕਰਨਾ ਸ਼ਾਮਲ ਹੈ।

'ਓਪਨ ਫਾਰ ਬਿਜਸਨ' ਦੀ ਕਹਾਣੀ ਨੂੰ ਅਮਲੀ ਜਾਮਾ ਪਹਿਨਾਉਣ ਲਈ ਵਾਹਨਾਂ ਦੀਆਂ ਨੰਬਰ ਪਲੇਟਾਂ ਉੱਤੇ ਨਾਅਰੇ 'Yours to discover' ਤੋਂ 'A place to grow' ਕਰਨ ਦੇ ਨਾਲ ਅਗਲੇ ਛੇ ਸਾਲਾਂ ਵਿੱਚ ਪ੍ਰੋਵਿੰਸ਼ੀਅਲ ਕਾਰਪੋਰੇਟ ਟੈਕਸ ਵਿੱਚ 3.8 ਬਿਲੀਅਨ ਦੇ ਰੀਬੇਟ, ਡਬਲਿਊ ਐਸ ਆਈ ਬੀ (WSIB) ਬੀਮਾ ਦਰ ਨੂੰ ਹਰ 100 ਡਾਲਰ ਪਿੱਛੇ 2.35 ਡਾਲਰ ਤੋਂ 1.65 ਡਾਲਰ ਕਰਨਾ ਸ਼ਾਮਲ ਹੈ। ਇਸਦੇ ਨਾਲ ਹੀ ਸਕਿੱਲਡ ਇੰਮੀਗਰਾਂਟਾਂ ਨੂੰ ਛੋਟੇ ਕਸਬਿਆਂ/ਕਮਿਉਨਿਟੀਆਂ ਵਿੱਚ ਜਾਣ ਲਈ ਉਤਸ਼ਾਹਿਤ ਕਰਨਾ ਅਤੇ ਫੈਡਰਲ ਸਰਕਾਰ ਦੇ ਕਾਰਬਨ ਟੈਕਸ ਦਾ ਮੁਕਾਬਲਾ ਕਰਨ ਲਈ ਖੁਦ ਨੂੰ ਤਿਆਰ ਰੱਖਣਾ ਵੀ ਬੱਜਟ ਦੀ ਰਣਨਤੀ ਵਿੱਚ ਜੋੜਿਆ ਗਿਆ ਹੈ।

ਜੋ ਸੋਚਦੇ ਸਨ ਕਿ ਫੋਰਡ ਸਰਕਾਰ ਸਰਕਾਰੀ ਮਹਿਕਮਿਆਂ ਦੇ ਖਰਚਿਆਂ ਵਿੱਚ ਵੱਡੀਆਂ ਕਟੌਤੀਆਂ ਲਾਵੇਗੀ, ਉਹ ਲੋਕ ਕਾਫੀ ਹੈਰਾਨ ਹੋਣਗੇ ਕਿਉਂਕਿ ਸਿਹਤ, ਸਿੱਖਿਆ ਸਮੇਤ ਹੋਰ ਵਿਭਾਗਾਂ ਲਈ ਰੱਖੀ 150 ਬਿਲੀਅਨ ਡਾਲਰ ਦੀ ਰਾਖਵੀਂ ਰਕਮ ਪਿਛਲੇ ਸਾਲ ਲਿਬਰਲਾਂ ਦੇ 145.9 ਬਿਲੀਅਨ ਨਾਲੋਂ ਕਿਤੇ ਵੱਧ ਹੈ। ਜੋ ਗੱਲ ਹੈਰਾਨ ਅਤੇ ਪਰੇਸ਼ਾਨ ਕਰਨ ਵਾਲੀ ਹੈ, ਉਹ ਹੈ ਸਰਕਾਰ ਦਾ ਬੱਜਟ ਦੇ ਮਾਧਿਆਮ ਸ਼ਰਾਬ, ਜੂਏ ਅਤੇ ਅਜਿਹੀਆਂ ਹੋਰ ਗੱਲਾਂ ਉੱਤੇ ਲੋੜੋਂ ਵੱਧ ਕੇਂਦਰਿਤ ਹੋਣਾ। ਮਿਸਾਲ ਵਜੋਂ ਜੋ ਵਾਈਨ ਟੈਕਸ ਇਸ ਸਾਲ ਲੱਗਣਾ ਤੈਅ ਸੀ, ਉਸਨੂੰ ਹਟਾ ਦਿੱਤਾ ਜਾਵੇਗਾ, ਵਾਈਨਰੀਜ਼ ਅਤੇ ਡਿਸਟਿਲਰੀਆਂ ਨੂੰ ਮੁਫ਼ਤ ਸੈਂਪਲ ਦੇਣ ਦੀ ਸੀਮਾ ਖਤਮ ਕਰ ਦਿੱਤੀ ਜਾਵੇਗੀ, ਟੇਲਗੇਟਿੰਗ ਲਾਗੂ ਹੋ ਜਾਵੇਗੀ, ਲਾਟਰੀਆਂ (6/49 ਅਤੇ ਪਰੋ-ਲਾਈਨ ਆਦਿ) ਦੀਆਂ ਟਿਕਟਾਂ ਸਮਾਰਟਫੋਨਾਂ ਤੋਂ ਖਰੀਦੀਆਂ ਜਾ ਸਕੱਣਗੀਆਂ, ਖੇਡਾਂ ਅਤੇ ਹੋਰ ਸ਼ੋਆਂ ਦੀਆਂ ਟਿਕਟਾਂ ਦੀ ਬਲੈਕ (ਅਸਲ ਵਿੱਚ ਸ਼ਬਦ ਦੁਬਾਰਾ ਵੇਚਣਾ ਵਰਤਿਆ ਗਿਆ ਹੈ) ਕਨੂੰਨਨ ਹੋ ਜਾਵੇਗੀ।

ਜੇ ਇਹ ਸਾਰੀਆਂ ਗੱਲਾਂ ਕੰਜ਼ਰਵੇਟਿਵ ਸਰਕਾਰ ਦੇ ਨਿਸ਼ਾਨੇ ਉੱਤੇ ਹਨ, ਕਿਤੇ ਅਗਲੇ ਸਾਲਾਂ ਵਿੱਚ ਲਿਬਰਲਾਂ ਨੂੰ ਇਹ ਲੱਭਣਾ ਨਾ ਪੈ ਜਾਵੇ ਕਿ ਉਹ ਖੁਦ ਕੀ ਕਰਦੇ ਰਹੇ?

## ਰਾਹੁਲ ਗਾਂਧੀ ਉੱਤੇ ਗ੍ਰੀਨ ਲਾਈਟ ਪੈਣ ਨਾਲ ਸਨਸਨੀ

### * ਗ੍ਰਹਿ ਮੰਤਰਾਲੇ ਨੇ ਲੇਜ਼ਰ ਹਮਲੇ ਦੇ ਖ਼ਤਰੇ ਨੂੰ ਰੱਦ ਕੀਤਾ

ਨਵੀਂ ਦਿੱਲੀ, 11 ਅਪਰੈਲ, (ਪੋਸਟ ਬਿਊਰੋ)- ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਉੱਤੇਚੋਣ ਪ੍ਰਚਾਰ ਦੌਰਾਨ ਪਈ ਗ੍ਰੀਨ ਲਾਈਟ ਨਾਲ ਸਨਸਨੀ ਫੈਲ ਗਈ ਹੈ। ਇਸ ਨੂੰ ਸੁਰੱਖਿਆ ਚੌਕਸੀ ਦੀ ਵੱਡੀ ਘਾਟ ਕਿਹਾ ਗਿਆ ਹੈ। ਗ੍ਰਹਿ ਮੰਤਰਾਲੇ ਨੇ ਕਿਹਾ ਹੈ ਕਿ ਇਸ ਵਿਚ ਖ਼ਤਰੇ ਵਾਲੀ ਕੋਈ ਗੱਲ ਨਹੀਂ, ਰਾਹੁਲ ਦੀ ਜਾਨ ਨੂੰ ਕੋਈ ਖ਼ਤਰਾ ਨਹੀਂ।

ਅਸਲ ਵਿੱਚ ਬੀਤੇ ਬੁੱਧਵਾਰ ਅਮੇਠੀ ਵਿੱਚ ਰੋਡ ਸ਼ੋਅ ਵੇਲੇ ਰਾਹੁਲ ਗਾਂਧੀ ਦੇ ਚਿਹਰੇ ਉੱਤੇ ਕਈ ਵਾਰ ਇਕ ਭੇਦ ਭਰੀ ਗ੍ਰੀਨ ਲਾਉਟ ਦਿੱਸਦੀ ਸੀ। ਇਹ ਲੇਜ਼ਰ ਲਾਈਟ ਵਾਂਗ ਸੀ। ਰਾਹੁਲ ਗਾਂਧੀ ਦੇ ਚਿਹਰੇ ਉੱਤੇ ਇਹ ਲਾਈਟ ਕਈ ਵਾਰ ਪੈਣ ਨਾਲ ਸਨਸਨੀ ਫੈਲ ਗਈ ਤੇ ਇਸ ਨੂੰ ਵੱਡੀ ਸੁਰੱਖਿਆ ਚੌਕਸੀ ਦੀ ਕਮੀ ਕਿਹਾ ਗਿਆ। ਇਸ ਦੇ ਬਾਅਦਜਾਂਚ ਵਿੱਚ ਪਤਾ ਲੱਗਾ ਕਿ ਉਹ ਕੈਮਰੇ ਦੀ ਲਾਈਟ ਸੀ। ਇਸ ਘਟਨਾ ਬਾਰੇ ਪੁੱਛੇ ਜਾਣ ਉੱਤੇ ਗ੍ਰਹਿ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਜਦੋਂ ਮਾਮਲਾ ਗ੍ਰਹਿ ਮੰਤਰਾਲੇ ਦੇ ਨੋਟਿਸ ਵਿਚ ਆਇਆ ਤਾਂ ਸਪੈਸ਼ਲ ਪ੍ਰੋਟੈਕਸ਼ਨ ਗਰੁੱਪ (ਐੱਸ ਪੀਜੀ) ਨੂੰ ਤੁਰੰਤ ਘਟਨਾ ਦਾ ਪਤਾ ਲਾਉਣ ਲਈ ਕਿਹਾ ਗਿਆ। ਜਾਂਚ ਪਿੱਛੋਂ ਡਾਇਰੈਕਟਰ (ਐੱਸ ਪੀਜੀ) ਨੇ ਗ੍ਰਹਿ ਮੰਤਰਾਲੇ ਨੂੰ ਦੱਸਿਆ ਕਿ ਰੋਡ ਸ਼ੋਅ ਦੌਰਾਨ ਵੀਡੀਓ ਕਲਿਪ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ ਤਾਂ ਕਲਿਪ ਵਿਚ ਨਜ਼ਰ ਆਈ ਲਾਈਟ ਮੋਬਾਈਲ ਫੋਨ ਦੀ ਸੀ, ਜਿਸ ਨਾਲ ਕਾਂਗਰਸ ਦਾ ਫੋਟੋਗ੍ਰਾਫਰ ਵੀਡੀਓ ਬਣਾ ਰਿਹਾ ਸੀ। ਉਸਵੇਲੇਰਾਹੁਲ ਗਾਂਧੀ ਆਪਣੇ ਚੋਣ ਹਲਕੇ ਅਮੇਠੀ ਵਿੱਚ ਕੁਲੈਕਟ੍ਰੇਟ ਦੇ ਕੋਲ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਡਾਇਰੈਕਟਰ (ਐੱਸ ਪੀਜੀ) ਨੇ ਮੰਤਰਾਲੇ ਨੂੰ ਦੱਸਿਆ ਕਿ ਇਸ ਬਾਰੇ ਰਾਹੁਲ ਗਾਂਧੀ ਦੇ ਸਟਾਫ ਨੂੰ ਦੱਸ ਦਿੱਤਾ ਹੈ। ਬੁਲਾਰੇ ਨੇ ਕਿਹਾ ਕਿ ਡਾਇਰੈਕਟਰ (ਐੱਸ ਪੀਜੀ) ਨੇ ਪੁਸ਼ਟੀ ਵੀ ਕੀਤੀ ਹੈ ਕਿ ਰਾਹੁਲ ਗਾਂਧੀ ਦੀ ਸੁਰੱਖਿਆ ਵਿੱਚਕਮੀ ਵਰਗੀ ਕੋਈ ਗੱਲ ਨਹੀਂ ਹੋਈ।

ਇਸ ਦੇ ਨਾਲ ਹੀ ਗ੍ਰਹਿ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਕਾਂਗਰਸ ਦੇ ਮੁੱਖ ਬੁਲਾਰੇ ਰਣਦੀਪ ਸੁਰਜੇਵਾਲਾ ਵੱਲੋਂ ਕਾਂ-ਗਰਸ ਪ੍ਰਧਾਨ ਦੀ ਸੁਰੱਖਿਆ ਵਿੱਚਘਾਟ ਬਾਰੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਕੋਈ ਪੱਤਰ ਨਹੀਂ ਲਿਖਿਆ ਗਿਆ। ਬੁਲ-ਾਰੇ ਨੇ ਇਨ੍ਹਾਂ ਖ਼ਬਰਾਂ ਨੂੰ ਬੇਬੁਨਿਆਦ ਦੱਸ ਕੇ ਸਪੱਸ਼ਟ ਕੀਤਾ ਕਿ ਗ੍ਰਹਿ ਮੰਤਰਾਲੇ ਨੂੰ ਕਾਂਗਰਸ ਵੱਲੋਂ ਕੋਈ ਪੱਤਰ ਨਹੀਂ ਮਿ-ਲਿਆ। ਵਰਨਣ ਯੋਗ ਹੈ ਕਿ ਪਹਿਲਾਂ ਇਹ ਖ਼ਬਰਾਂ ਸਨ ਕਿ ਕਿ ਕਾਂਗਰਸ ਆਗੂਆਂ ਨੇ ਰਾਹੁਲ ਗਾਂਧੀ ਦੀ ਸੁਰੱਖਿਆਦੀ ਵੱਡੀ ਘਾਟ ਦੱਸ ਕੇਗ੍ਰਹਿ ਮੰਤਰਾਲੇ ਨੂੰ ਪੱਤਰ ਲਿਖਿਆ ਸੀ, ਜਿਸ ਵਿਚ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਦੇ ਕਤਲ ਦੀਆਂ ਘਟਨਾਵਾਂ ਦੀ ਯਾਦ ਦਿਵਾ ਕੇ ਕਿਹਾ ਗਿਆ ਸੀ ਕਿ ਰਾਹੁਲ ਦੀ ਸੁਰੱਖਿਆ ਵਿੱਚਘਾਟ ਨਾਲ ਡੂੰਘਾ ਧੱਕਾ ਲੱਗਾ ਹੈ।




## ਫੈਡਰਲ ਲੇਬਰ ਮੰਤਰੀ ਵੱਲੋਂ ਫੋਰਡ ਸਰਕਾਰ ਨੂੰ ਵਿਦਿਆਰਥੀ ਲੋਨ 'ਚ ਤਬਦੀਲੀਆਂ ਨਾ ਕਰਨ ਦੀ ਅਪੀਲ

...ਪੰਨਾ 1 ਦਾ ਬਾਕੀ



ਨੇ ਪ੍ਰੋਵਿੰਸੀਅਲ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਗ੍ਰੈਜੂਏਸਨ ਤੋਂ ਬਾਅਦ ਥੋੜ੍ਹੇ ਸਮੇਂ ਲਈ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਲੋਨ ਉੱਤੇ ਵਾਧੂ ਦਾ ਵਿਆਜ ਲੈਣਾ ਬੰਦ ਕਰਨ ਦੀ ਆਪਣੇ ਹਮਰੁਤਬਾ ਪ੍ਰੋਵਿੰਸੀਅਲ ਅਧਿਕਾਰੀ ਤੋਂ ਮੰਗ ਕੀਤੀ ਹੈ।

ਜਨਵਰੀ ਵਿੱਚ ਫੋਰਡ ਸਰਕਾਰ ਵੱਲੋਂ ਇਹ ਐਲਾਨ ਕੀਤਾ ਗਿਆ ਸੀ ਕਿ ਉਹ ਵਿਦਿਆਰਥੀਆਂ ਦੀ ਸਮੱਸਿਆ ਨੂੰ ਦੂਰ ਕਰਨ ਲਈ ਗ੍ਰੈਜੂਏਸਨ ਮੁਕੰਮਲ ਕਰਨ ਤੋਂ ਬਾਅਦ ਲੋਨ ਲੈਣ ਵਾਲੇ ਵਿਦਆਰਥੀਆਂ ਉੱਤੇ ਪਹਿਲੇ ਛੇ ਮਹੀਨੇ ਲਈ ਵਿਆਜ ਵਸੂਲਿਆ ਜਾਵੇਗਾ। ਦੂਜੇ ਪਾਸੇ ਟਰੂਡੋ ਦੀ ਫੈਡਰਲ ਲਿਬਰਲ ਸਰਕਾਰ ਨੇ ਆਪਣੇ ਮਾਰਚ ਬਜਟ ਵਿੱਚ ਫੈਡਰਲ ਪ੍ਰੋਗਰਾਮ ਵਿੱਚ ਤਬਦੀਲੀਆਂ ਦਾ ਐਲਾਨ ਕਰਦੇ ਸਮੇਂ ਅਜਿਹੀਆਂ ਵਿਆਜ ਦਰਾਂ ਮੁਆਫ ਕਰਨ ਦਾ ਐਲਾਨ ਕੀਤਾ ਸੀ।

## ਹਵਾਈ ਅੱਡੇ ਉੱਤੇ ਆਸਟ੍ਰੀਅਨ ਏਅਰਲਾਈਨਜ਼ ਦੇ ਜਹਾਜ਼ ਵਿੱਚੋਂ ਨਕਦੀ ਲੁੱਟਣ ਦਾ ਯਤਨ

### * ਪੁਲਸ ਗੋਲੀਨਾਲ ਇਕ ਜਣੇ ਦੀ ਮੌਤ

ਤਿਰਾਨਾ, 11 ਅਪਰੈਲ, (ਪੋਸਟ ਬਿਊਰੋ)- ਅਲਬਾਨੀਆ ਦੇ ਤਿਰਾਨਾ ਹਵਾਈ ਅੱਡੇ ਉੱਤੇਓਦੋਂ ਭਾਜੜ ਮੱਚ ਗਈ, ਜਦੋਂ ਹਥਿਆਰਬੰਦ ਲੋਕਾਂ ਨੇ ਮੰਗਲਵਾਰ ਇਸ ਏਅਰ ਪੋਰਟ ਦਾ ਰੰਨਵੇ ਤੋੜਦੇ ਹੋਏ ਵਿਆਨਾ ਦੇ ਇਕ ਬੈਂਕ ਲਈ ਟਰਾਂਸਪੋਰਟ ਕੀਤੇ ਜਾ ਰਹੇ ਪੈਸੇ ਲੁੱਟਣ ਦਾ ਯਤਨ ਕੀਤਾ। ਕਾਹਲੀ ਵਿਚ ਏਅਰਪੋਰਟ ਉੱਤੇ ਅਲਰਟ ਜਾਰੀ ਕਰ ਕੇ ਅਲਬਾਨੀਆ ਦੀ ਪੁਲਸ ਨੇਆਪ੍ਰੇਸ਼ਨ ਦੌਰਾਨ ਚਾਰ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਤੇ ਇਕ ਨੂੰ ਮਾਰ ਦਿੱਤਾ ਹੈ।

ਅਸਲ ਵਿੱਚ ਅਲਬਾਨੀਆ ਵਿਚ ਚੱਲਦੇ ਵਿਦੇਸ਼ੀ ਬੈਂਕ ਆਪਣੀ ਕਰੰਸੀ ਵਿਆਨਾ ਨੂੰ ਭੇਜਦੇ ਹਨ, ਕਿਉਂਕਿ ਏਥੋਂ ਦੀ ਕੇਂਦਰੀ ਬੈਂਕ ਉਨ੍ਹਾਂ ਦੀ ਰਕਮ ਨੂੰ ਸਿੱਧਾ ਸਵੀਕਾਰ ਨਹੀਂ ਕਰਦੀ। ਹਵਾਈ ਜਹਾਜ਼ ਤੋਂ ਲੱਖਾਂ ਯੂਰੋ ਚੋਰੀ ਲੁੱਟਣ ਦੀ ਇਸ ਕੋਸ਼ਿਸ਼ ਬਾਰੇ ਪੁਲਸ ਕਈ ਲੋਕਾਂ ਤੋਂ ਪੁੱਛਗਿਛ ਕਰ ਰਹੀ ਹੈ। ਡਾਕੇ ਦੀ ਇਸ ਕੋਸ਼ਿਸ਼ ਵਿੱਚ ਫੜੇ ਗਏ ਇੱਕ ਲੁਟੇਰੇਕੋਲੋਂ ਪੁਲਸ ਨੂੰ ਇੱਕ ਏਕੇ-47 ਰਾਇਫਲ ਮਿਲੀ ਹੈ। ਪੁਲਸ ਮੁਤਾਬਕ ਤਿੰਨ ਲੁਟੇਰੇ ਮਿਲਟਰੀ ਦੀ ਡਰ੍ਰੈਸ ਪਹਿਨੇ ਹੋਏ ਸਨ ਤੇ ਉਹ ਏਅਰਪੋਰਟ ਮੁਲਾਜ਼ਮਾਂ ਨੂੰ ਧਮਕਾ ਰਹੇਸਨ, ਤਾਂ ਜੋ ਉਹ ਪੈਸੇ ਲੁੱਟ ਸਕਣ। ਇਸ ਕਾਰਵਾਈ ਵਿੱਚ ਇਕ ਬੰਦੂਕਧਾਰੀ ਮਾਰਿਆ ਗਿਆ। ਸ਼ੁਰੂ ਦੀ ਰਿਪੋਰਟ ਮੁਤਾਬਕ ਚੋਰੀ ਦੀ ਰਕਮ 2.5 ਮਿਲੀਅਨ ਯੂਰੋ ਹੈ, ਪਰ ਉਥੋਂ ਦੀ ਸਥਾਨਕ ਮੀਡੀਆ ਮੁਤਾਬਕ ਇਹ ਰਾਸ਼ੀ ਪੰਜ ਗੁਣਾ (ਲਗਭਗ 11 ਮਿਲੀਅਨ ਯੂਰੋ) ਦੇ ਨੇੜੇ ਹੋ ਸਕਦੀ ਸੀ।

ਆਸਟ੍ਰੀਅਨ ਏਅਰਲਾਈਨਜ਼ ਦੇ ਬੁਲ-ਾਰੇ ਨੇ ਕਿਹਾ ਕਿ ਲੁਟੇਰਿਆਂ ਨੇ ਇਹਕੋਸ਼ਿਸ਼ ਓਦੋਂ ਕੀਤੀ, ਜਦੋਂ ਕੈਸ਼ ਜਹਾਜ਼ ਵਿਚ ਰੱਖਿਆ ਜਾ ਰਿਹਾ ਸੀ। ਬੁਲਾਰੇ ਨੇ ਕਿਹਾ ਕਿ ਇਸ ਤੋਂ ਪਹਿਲਾਂ ਇਥੇ ਏਦਾਂ ਦੀ ਘਟਨਾ ਕਦੇ ਨਹੀਂ ਹੋਈ। ਖਬਰ ਹੈ ਕਿ ਜਿਸ ਜਹਾਜ਼ ਨਾਲ ਲੁੱਟ ਹੋਈ, ਉਹ ਤਿੰਨ ਘੰਟੇ ਲੇਟ ਸੀ। ਬੁਲਾਰੇ ਨੇ ਕਿਹਾ ਕਿ ਤਿਰਾਨਾ ਤੋਂ ਵਿਏਨਾ ਲਗਾਤਾਰ ਕੈਸ਼ ਟਰਾਂਸਫਰ ਨਹੀਂ ਹੁੰਦਾ। ਪੁਲਸ ਨੇ ਮਾਰੇ ਗਏ ਲੁਟੇਰੇ ਦੀ ਪਛਾਣ ਐਡਮਿਰ ਮੁਰਤਜਾ ਦੇ ਰੂਪ ਵਿਚ ਕੀਤੀ ਤੇ ਕਿਹਾ ਹੈ ਕਿ ਉਹ ਆਪ੍ਰੇਸ਼ਨ ਦਾ ਮੁੱਖ ਸਾਜ਼ਿਸ਼ੀ ਸੀ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਵਾਈ ਐਸ ਆਰ ਕਾਂਗਰਸ ਅਤੇ ਤੇਲਗੂ ਦੇਸਮ ਵਰਕਰਾਂ ਵਿਚਾਲੇ ਝੜਪਾਂ, ਇਕ ਮੌਤ

ਅਮਰਾਵਤੀ, 11 ਅਪ੍ਰੈਲ (ਪੋਸਟ ਬਿਊਰੋ)- ਆਂਧਰਾ ਪ੍ਰਦੇਸ਼ ਵਿਚ ਲੋਕ ਸਭਾ ਅਤੇ ਵਿਧਾਨ ਸਭਾ ਲਈ ਪਹਿਲੇ ਪੜਾਅ ਦੀ ਵੋਟਿੰਗ ਦੌਰਾਨ ਕਈ ਥਾਵਾਂ ਉੱਤੇ ਝੜਪਾਂ ਅਤੇ ਮਾਰਕੁੱਟ ਦੀਆਂ ਘਟਨਾਵਾਂ ਵਾਪਰੀਆਂ ਹਨ। ਇਸ ਮੌਕੇ ਦੇਵਪੁਰਮ ਪਿੰਡ ਦੇ ਇਕ ਪੋਲਿੰਗ ਬੂਥ ਉੱਤੇ ਇਕ ਝੜਪ ਦੌਰਾਨ ਇਕ ਤੇਲਗੂ ਦੇਸਮ ਵਰਕਰ ਦੀ ਮੌਤ ਹੋਣ ਦਾ ਸਮਾਚਾਰ ਮਿਲਿਆ ਹੈ। ਵਿਧਾਨ ਸਭਾ ਸਪੀਕਰ ਸ਼ਿਵ ਪ੍ਰਸਾਦ ਕੋਡੇਲਾ ਸਮੇਤ 10 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ ਹਨ। ਪੁਲਿਸ ਦੇ ਦੱਸਣ ਅਨੁਸਾਰ ਸੱਤਾਧਾਰੀ ਤੇਲਗੂ ਦੇਸ਼ਮ ਪਾਰਟੀ ਦੇ ਇਕ ਵਰਕਰ ਸਿੱਧ ਭਾਸਕਰ ਰੈਡੀ ਦੀ ਹੱਤਿਆ ਹੋਈ ਹੈ, ਜਿਸ ਉੱਤੇ ਅਨੰਤਪੁਰ ਜ਼ਿਲ੍ਹੇ ਦੇ ਤੜੀਪਾਰੀ ਵਿਧਾਨ ਸਭਾ ਖੇਤਰ ਵਿਚ ਵਿਰੋਧੀ ਵਾਈ ਐਸ ਆਰ ਕਾਂਗਰਸ ਦੇ ਵਰਕਰਾਂ ਨੇ ਹਮਲਾ ਕੀਤਾ ਸੀ। ਰੈਡੀ ਨੇ ਹਸਪਤਾਲ ਲਿਜਾਂਦੇ ਸਮੇਂ ਦਮ ਤੋੜ ਦਿਤਾ। ਗੁੰਟੂਰ ਅਤੇ ਪ੍ਰਕਾਸ਼ਮ ਜ਼ਿਲ੍ਹਿਆਂ ਸਣੇ ਰਾਜ ਦੇ ਕੁਝ ਹੋਰ ਥਾਂਈਂ ਵੀ ਦੋਵੇਂ ਪਾਰਟੀਆਂ ਦੇ ਵਰਕਰਾਂ ਦੀਆਂ ਝੜਪਾਂ ਹੋਈਆਂ ਹਨ। ਆਂਧਰਾ ਪ੍ਰਦੇਸ਼ ਦੇ ਕੁਰਨੂਲ ਵਿਚ ਵਾਈ ਐਸ ਆਰ ਕਾਂਗਰਸ ਅਤੇ ਤੇਲਗੂ ਦੇਸਮ ਵਰਕਰਾਂ ਦੀ ਜਮ ਕੇ ਪੱਥਰਬਾਜ਼ੀ ਹੋਈ। ਇਸ ਹਿੰਸਾ ਵਿਚ ਤੇਲਗੂ ਦੇਸਮ ਉਮੀਦਵਾਰ ਭੂਮਾ ਅਖਿਲ ਪ੍ਰਿਯਾ ਦੇ ਪਤੀ ਅਤੇ ਸੁਰੱਖਿਆ ਬਲ ਦੇ ਜਵਾਨ ਵੀ ਜ਼ਖਮੀ ਹੋ ਗਏ।



# ਡਰੱਗੀ ਖਿਡਾਰੀਆਂ ਦੇ ਨਾਂ ਨਸ਼ਰ: ਆਓ ਕਬੱਡੀ ਡਰੱਗ ਮੁਕਤ ਕਰੀਏ



-ਪ੍ਰਿੰ. ਸਰਵਣ ਸਿੰਘ-

2018-19 ਦੇ ਪੰਜਾਬ ਦੇ ਕਬੱਡੀ ਸੀਜ਼ਨ ਦੌਰਾਨ ਨਾਰਥ ਇੰਡੀਆ ਕਬੱਡੀ ਫੈਡਰੇਸ਼ਨ ਤੇ ਪੰਜਾਬ ਕਬੱਡੀ ਅਕੈਡਮੀਜ਼ ਐਸੋਸੀਏਸ਼ਨ ਨੇ ਖਿਡਾਰੀਆਂ ਨੂੰ ਵਾਰਨਿੰਗ ਦਿੱਤੀ ਸੀ ਪਈ 19 ਜਨਵਰੀ 2019 ਤਕ ਆਪਣੇ ਆਪ ਨੂੰ ਡਰੱਗ ਮੁਕਤ ਕਰ ਲਓ। ਸੁਧਰ ਜਾਓ। 20 ਜਨਵਰੀ ਤੋਂ 20 ਫਰਵਰੀ ਤਕ ਐਟ ਰੈਂਡਮ ਡਰੱਗ ਟੈੱਸਟ ਕੀਤੇ ਜਾਣਗੇ। ਜਿਹੜੇ ਖਿਡਾਰੀ ਡਰੱਗੀ ਸਾਬਤ ਹੋਣਗੇ ਉਨ੍ਹਾਂ ਨੂੰ ਸੁਧਰਨ ਲਈ 20 ਫਰਵਰੀ 2019 ਤੋਂ 20 ਫਰਵਰੀ 2020 ਤਕ ਕਿਤੇ ਵੀ ਕਬੱਡੀ ਖੇਡਣ ਤੋਂ ਬੈਨ ਕੀਤਾ ਜਾਵੇਗਾ। ਇਸ ਅਰਸੇ ਦੌਰਾਨ ਜੇ ਉਹ ਡਰੱਗ ਮੁਕਤ ਹੋ ਗਏ ਤਾਂ ਡੋਪ ਟੈਸਟ ਕਰਵਾ ਕੇ 20 ਫਰਵਰੀ 2020 ਤੋਂ ਬਾਅਦ ਮੁੜ ਕਬੱਡੀ ਖੇਡ ਸਕਣਗੇ।

ਨਾਰਥ ਇੰਡੀਆ ਕਬੱਡੀ ਫੈਡਰੇਸ਼ਨ ਨੇ 170 ਖਿਡਾਰੀਆਂ ਦੇ ਡੋਪ ਟੈੱਸਟ ਕਰਵਾਏ ਜਿਨ੍ਹਾਂ ਵਿਚੋਂ 52 ਖਿਡਾਰੀ ਡਰੱਗੀ ਨਿਕਲੇ। ਪੰਜਾਬ ਕਬੱਡੀ ਅਕੈਡਮੀਜ਼ ਐਸੋਸੀਏਸ਼ਨ ਨੇ 185 ਖਿਡਾਰੀਆਂ ਦੇ ਡੋਪ ਟੈਸਟ ਕਰਵਾਏ ਜਿਨ੍ਹਾਂ 'ਚੋਂ 37 ਖਿਡਾਰੀ ਡੋਪੀ ਸਾਬਤ ਹੋਏ। ਡਰੱਗੀ ਖਿਡਾਰੀਆਂ ਦੀਆਂ ਸੂਚੀਆਂ ਸੋਸ਼ਲ ਮੀਡੀਏ 'ਚ ਨਸ਼ਰ ਹੋ ਚੁੱਕੀਆਂ ਹਨ ਜਿਨ੍ਹਾਂ 'ਤੇ ਸੈਂਕੜੇ ਹਜ਼ਾਰਾਂ ਕੁਮੈਂਟ ਆ ਰਹੇ ਹਨ। ਇਹ ਸੂਚੀਆਂ ਪੱਛਮੀ ਮੁਲਕਾਂ ਦੀਆਂ ਸਭਨਾਂ ਕਬੱਡੀ ਫੈਡਰੇਸ਼ਨਾਂ ਨੂੰ ਭੇਜ ਦਿੱਤੀਆਂ ਗਈਆਂ ਹਨ ਤਾਂ ਕਿ ਕੋਈ ਕਬੱਡੀ ਫੈਡਰੇਸ਼ਨ ਡਰੱਗੀ ਖਿਡਾਰੀਆਂ ਨੂੰ ਨਾ ਸੱਦੇ ਨਾ ਖਿਡਾਵੇ। ਜੇ ਕੋਈ ਕਬੱਡੀ ਫੈਡਰੇਸ਼ਨ ਫਿਰ ਵੀ ਡਰੱਗੀ ਖਿਡਾਰੀਆਂ ਨੂੰ ਖਿਡਾਉਂਦੀ ਤਾਂ ਕਬੱਡੀ ਪ੍ਰੇਮੀ ਉਸ ਦਾ ਵਿਰੋਧ ਕਰਨ।

### ਪੱਛਮੀ ਮੁਲਕਾਂ ਦਾ ਕਬੱਡੀ ਸੀਜ਼ਨ

ਸਿਆਲ ਵਿਚ ਪੰਜਾਬ ਦੇ ਕਬੱਡੀ ਸੀਜ਼ਨ ਪਿੱਛੋਂ ਹੁਨਾਲ 'ਚ ਪੱਛਮੀ ਮੁਲਕਾਂ ਦਾ ਕਬੱਡੀ ਸੀਜ਼ਨ ਮਈ ਤੋਂ ਅਕਤੂਬਰ ਤਕ ਚਲਦਾ ਹੈ। ਅੱਜ ਕੱਲ੍ਹ ਕਬੱਡੀ ਖਿਡਾਰੀਆਂ ਦੇ ਵੀਜ਼ੇ ਲੁਆਉਣ ਦੀ ਰੁੱਤ ਹੈ। ਇੰਗਲੈਂਡ, ਕੈਨੇਡਾ, ਅਮਰੀਕਾ, ਇਟਲੀ, ਆਸਟ੍ਰੇਲੀਆ, ਨਿਊਜ਼ੀਲੈਂਡ ਤੇ ਯੂਰਪ ਦੇ ਕਈ ਹੋਰ ਮੁਲਕਾਂ ਵਿਚ ਸੌ ਕੁ ਕਬੱਡੀ ਟੂਰਨਾਮੈਂਟ ਹੁੰਦੇ ਹਨ ਜਿਨ੍ਹਾਂ ਨੂੰ ਕਬੱਡੀ ਮੇਲੇ ਵੀ ਕਿਹਾ ਜਾਂਦੈ। ਇਨ੍ਹਾਂ ਖੇਡ ਮੇਲਿਆਂ ਬਾਰੇ ਮੈਂ 'ਮੇਲੇ ਕਬੱਡੀ ਦੇ' ਪੁਸਤਕ ਵੀ ਲਿਖੀ ਹੈ। ਪੱਛਮੀ ਮੁਲਕਾਂ ਵਿਚ ਇਕ ਕਬੱਡੀ ਮੇਲੇ ਦਾ ਖਰਚਾ ਦੋ ਲੱਖ ਡਾਲਰ ਤੋਂਦਸ ਲੱਖ ਤਕ ਪਹੁੰਚ ਗਿਆ ਹੈ। ਇਕੇਰਾਂ ਟੋਰਾਂਟੋ ਦੇ ਸਕਾਈਡੋਮ (ਰੌਜਰ ਸੈਂਟਰ) ਵਿਚ ਕਬੱਡੀ ਕੱਪ ਕਰਾਉਣ ਲਈ ਯੰਗ ਕਲੱਬ ਨੂੰ ਇਕ ਦਿਨ ਦਾ ਕਿਰਾਇਆ ਹੀ ਇਕ ਲੱਖ ਡਾਲਰ ਦੇਣਾ ਪਿਆ ਸੀ ਜੋ ਹੋ ਸਕਦੈ ਹੁਣ ਦੋ ਲੱਖ ਹੋ ਗਿਆ ਹੋਵੇ।

### ਕਬੱਡੀ ਤੇ ਡਰੱਗ

ਕਬੱਡੀ ਪੰਜਾਬੀਆਂ ਦੀ ਮਾਂ ਖੇਡ ਮੰਨੀ ਜਾਂਦੀ ਹੈ। ਮਾਂ ਦਾ ਦਰਜਾ ਬਹੁਤ ਉੱਚਾ ਹੁੰਦੈ। ਮਾਂ ਨੂੰ ਕੋਈ ਹੀਮ ਕੀਮ ਹੋ ਜਾਵੇ ਤਾਂ ਧੀਆਂ ਪੁੱਤਰ ਸੌ ਓਹੜ ਪੋਹੜ ਕਰਦੇ ਹਨ। ਜੇ ਅਸੀਂ ਕਬੱਡੀ ਨੂੰ ਸੱਚ-ਮੁੱਚ ਹੀ ਮਾਂ ਖੇਡ ਸਮਝਦੇ ਹਾਂ ਤੇ ਉਸ ਦੇ ਸੱਚੇ ਪੁੱਤਰ ਹਾਂ ਤਾਂ ਕਬੱਡੀ ਨੂੰ ਡਰੱਗ ਮੁਕਤ ਕਰਨਾ ਸਾਡਾ ਸਭ ਦਾ ਫਰਜ਼ ਹੈ। ਕੀਹਨੂੰ ਨਹੀਂ ਪਤਾ ਕਿ ਕਬੱਡੀ ਹੁਣ ਬੁਰੀ ਤਰ੍ਹਾਂ ਡਰੱਗ ਦੀ ਮਾਰ ਹੇਠ ਹੈ। ਅਨੇਕਾਂ ਖਿਡਾਰੀ ਅਪਾਹਜ ਤੇ ਨਿਪੁੰਸਕ ਹੋ ਰਹੇ ਹਨ ਅਤੇ ਕੁਝ ਮਰ ਵੀ ਰਹੇ ਹਨ। ਨਵੇਂ ਖਿਡਾਰੀ ਰੀਸੋ-ਰੀਸ ਟੀਕਿਆਂ 'ਤੇ ਲੱਗ ਰਹੇ ਹਨ। ਪੰਜਾਬ ਦੇ ਕਿਸੇ ਵੀ ਕਬੱਡੀ ਟੂਰਨਾਮੈਂਟ 'ਤੇ ਜਾਓ, ਉਹਲੇ ਵਾਲੀਆਂ ਥਾਵਾਂ 'ਤੇ ਸਰਿੰਜਾਂ ਖਿੰਡੀਆਂ ਦਿਸ ਪੈਣਗੀਆਂ। ਕਬੱਡੀ ਪ੍ਰਮੋਟਰਾਂ ਨੂੰ ਹੋਰ ਕਿਹੜੇ ਸਬੂਤ ਚਾਹੀਦੇ ਹਨ?

### ਕਬੱਡੀ ਦੇ ਦਰਸ਼ਕ

ਕਦੇ ਮੈਂ ਲਿਖਿਆ ਸੀ: ਪੰਜਾਬੀ ਕਬੱਡੀ ਦੇ ਦੀਵਾਨੇ ਹਨ। ਆਸ਼ਕ ਹਨ, ਮਸਤਾਨੇ ਹਨ। ਬੇਸ਼ੱਕ ਬਿਜਲੀ ਕੜਕਦੀ ਹੋਵੇ, ਝੱਖੜ ਝੁਲਦਾ ਹੋਵੇ, ਨਦੀ ਚੜ੍ਹੀ ਹੋਵੇ, ਸ਼ੀਹਾਂ ਨੇ ਪੱਤਣ ਮੱਲੇ ਹੋਣ ਪਰ ਪਤਾ ਲੱਗ ਜਾਵੇ ਸਹੀ ਕਿ ਪਰਲੇ ਪਾਰ ਕਬੱਡੀ ਦਾ ਕਾਂਟੇਦਾਰ ਮੈਚ ਹੋ ਰਿਹੈ। ਫੇਰ ਕਿਹੜਾ ਪੰਜਾਬੀ ਹੈ ਜਿਹੜਾ ਵਗਦੀ ਨੈਂ ਨਾ ਠਿੱਲ੍ਹੇ? ਉਹ ਰਾਹ 'ਚ ਪੈਂਦੇ ਸੱਪਾਂ ਸ਼ੀਹਾਂ ਦੀ ਵੀ ਪਰਵਾਹ ਨਹੀਂ ਕਰੇਗਾ ਤੇ ਕਬੱਡੀ ਦੇ ਪਿੜ ਦੁਆਲੇ ਜਾ ਖੜ੍ਹੇਗਾ। ਜਿਵੇਂ ਹਿੰਦ ਮਹਾਂਦੀਪ ਦੇ ਲੋਕਾਂ ਨੂੰ ਕ੍ਰਿਕਟ ਨੇ ਪੱਟਿਆ, ਜੱਗ ਜਹਾਨ ਦੇ ਗੋਰੇ ਕਾਲਿਆਂ ਨੂੰ ਫੁੱਟਬਾਲ ਨੇ ਕਮਲੇ ਕੀਤਾ ਉਵੇਂ ਕੁਲ ਦੁਨੀਆ 'ਚ ਖਿਲਰੇ ਪੰਜਾਬੀਆਂ ਨੂੰ ਕਬੱਡੀ ਚੜ੍ਹੀ ਹੋਈ ਹੈ। ਵੀਰ ਮੇਰਿਓ, ਕੀ ਹੁਣ ਵੀ ਪੰਜਾਬੀ ਨਦੀਆਂ ਠਿੱਲ੍ਹ ਕੇ ਕਬੱਡੀ ਦੇ ਪਿੜ ਦੁਆਲੇ ਜੁੜਦੇ ਹਨ? ਕੀ ਕਬੱਡੀ ਦੇ ਪਹਿਲਾਂ ਜਿੰਨੇ ਦਰਸ਼ਕ ਹਨ? ਕੀ ਹੁਣ ਵੀ ਕਬੱਡੀ ਦੇ ਖਿਡਾਰੀ ਨਸ਼ੇ ਪੱਤੇ ਬਗ਼ੈਰ ਜੁੱਸੇ ਕਮਾ ਕੇ, ਕਬੱਡੀ ਦੇ ਤਕੜੇ ਖਿਡਾਰੀ ਬਣ ਕੇ ਹੀ ਹਵਾਈ ਜਹਾਜ਼ ਚੜ੍ਹਦੇ ਹਨ? ਕਿਤੇ ਸਾਲ ਦਰ ਸਾਲ ਨਸ਼ੇ ਪੱਤੇ ਦੇ ਸਹਾਰੇ ਹੀ ਪੱਛਮੀ ਮੁਲਕਾਂ ਦਾ ਕਬੱਡੀ ਸੀਜ਼ਨ ਤਾਂ ਨਹੀਂ ਭੋਟੀ ਜਾਂਦੇ?

### ਡਰੱਗੀ ਖਿਡਾਰੀ

ਜਿਹੜੇ ਖਿਡਾਰੀ ਡਰੱਗਾਂ ਦੇ ਸਿਰ 'ਤੇ ਰੇਡਾਂ ਪਾਉਂਦੇ ਜਾਂ ਜੱਫੇ ਲਾਉਂਦੇ ਹਨ ਕੀ ਉਹ ਖਰੇ ਖਿਡਾਰੀਆਂ ਦਾ ਹੱਕ ਨਹੀਂ ਮਾਰ ਰਹੇ? ਕੀ ਨਵੇਂ ਖਿਡਾਰੀਆਂ ਨੂੰ ਡਰੱਗਾਂ ਵੱਲ ਨਹੀਂ ਧੱਕ ਰਹੇ? ਕੀ ਦੇਣ ਹੈ ਅਜਿਹੇ ਡਰੱਗੀ ਖਿਡਾਰੀਆਂ ਦੀ ਮਾਂ ਖੇਡ ਕਬੱਡੀ ਨੂੰ? ਕਾਹਦੇ ਲਈ ਅਜਿਹੇ ਖਿਡਾਰੀਆਂ ਦੇ ਮੋਟਰ ਸਾਈਕਲਾਂ, ਕਾਰਾਂ, ਲੰਡੀਆਂ ਜੀਪਾਂ, ਟ੍ਰੈਕਟਰਾਂ ਤੇ ਕੰਬਾਈਨਾਂ ਨਾਲ ਮਾਨ ਸਨਮਾਨ ਕਰੀ ਜਾਂਦੇ ਓ?

ਦੱਸੋ ਆਪਾਂ ਡਰੱਗੀ ਖਿਡਾਰੀਆਂ ਨਾਲ ਹਾਂ ਜਾਂ ਹੋਣਹਾਰ ਖਰੇ ਖਿਡਾਰੀਆਂ ਨਾਲ? ਹਾਲਾਤ ਏਥੋਂ ਤੱਕ ਪੁੱਜ ਚੁੱਕੇ ਹਨ ਕਿ ਕੋਈ ਫੈਡਰੇਸ਼ਨ ਡੋਪੀ ਖਿਡਾਰੀਆਂ ਨੂੰ ਬੈਨ ਕਰਦੀ ਹੈ ਤਾਂ



ਕੋਈ ਹੋਰ ਫੈਡਰੇਸ਼ਨ ਬੈਨ ਹੋਏ ਖਿਡਾਰੀਆਂ ਨੂੰ ਗੱਜ-ਵੱਜ ਕੇ ਖਿਡਾਉਣ ਲੱਗਦੀ ਹੈ। ਇਹ ਕਿਹੋ ਜਿਹੀ ਕਬੱਡੀ ਪ੍ਰੋਮੋਸ਼ਨ ਹੋਈ?

### ਖੇਡਾਂ ਦਾ ਉਦੇਸ਼

ਖੇਡਾਂ ਜੁਆਨਾਂ ਦੇ ਜੁੱਸੇ ਤਕੜੇ ਤੇ ਨਰੋਏ ਬਣਾਉਣ, ਚੰਗੀਆਂ ਆਦਤਾਂ ਪਾਉਣ, ਲੜਾਈਆਂ ਝਗੜਿਆਂ ਤੋਂ ਬਚਾਉਣ, ਵਧੀਆ ਇਨਸਾਨ ਬਣਾਉਣ, ਸਰੀਰਾਂ 'ਚ ਪੈਦਾ ਹੋ ਰਹੀ ਵਾਧੂ ਊਰਜਾ ਦਾ ਸਹੀ ਨਿਕਾਸ ਕਰਨ, ਮਿਲਵਰਤਣ ਤੇ ਉਸਾਰੂ ਮੁਕਾਬਲੇ ਦੀ ਭਾਵਨਾ ਉਪਜਾਉਣ, ਸਿਹਤਮੰਦ ਮਨੋਰੰਜਨ ਕਰਨ ਅਤੇ ਐਕਸੇਲੈਂਸ ਭਾਵ ਖੇਡ ਨੂੰ ਸਿਖਰ 'ਤੇ ਪੁਚਾਉਣ ਤੇ ਦਰਸਾਉਣ ਲਈ ਹੁੰਦੀਆਂ ਹਨ। ਖੇਡਾਂ ਖਿਡਾਰੀਆਂ ਨੂੰ ਨਸ਼ਿਆਂ 'ਤੇ ਲਾ ਕੇ ਕੱਪ ਜਿੱਤਣ ਲਈ ਨਹੀਂ ਹੁੰਦੀਆਂ।

### ਡੋਪ ਟੈੱਸਟਾਂ ਦਾ ਪਿਛੋਕੜ

2006 ਵਿਚ ਜਦੋਂ ਮੈਂ ਕਬੱਡੀ ਨੂੰ ਲੱਗ ਰਿਹਾ 'ਡਰੱਗ ਦਾ ਜੱਫਾ' ਕਬੱਡੀ ਕਲੱਬਾਂ ਤੇ ਫੈਡਰੇਸ਼ਨਾਂ ਦੇ ਧਿਆਨ ਵਿਚ ਲਿਆਂਦਾ ਤਾਂ ਫੈਡਰੇਸ਼ਨਾਂ ਨੇ ਮਤੇ ਪਾਸ ਕੀਤੇ ਕਿ 2007 ਦਾ ਕਬੱਡੀ ਸੀਜ਼ਨ ਕੈਨੇਡਾ ਤੇ ਇੰਗਲੈਂਡ ਵਿਚ ਡੋਪ ਟੈੱਸਟ ਕਰਾ ਕੇ ਹੀ ਖਿਡਾਇਆ ਜਾਵੇਗਾ। ਪਰ ਉਹਦੇ ਉਤੇ ਅਮਲ ਨਾ ਕੀਤਾ ਗਿਆ। ਬਹੁਤੇ ਕਲੱਬਾਂ ਨੇ ਕਿਹਾ ਕਿ ਡੋਪ ਟੈਸਟ ਕਰਾਉਣੇ ਰਹਿਣ ਦਿਓ ਕਿਉਂਕਿ ਖਿਡਾਰੀ ਮਸਾਂ ਕੈਨੇਡਾ ਤੇ ਇੰਗਲੈਂਡ ਵਿਚ ਸੱਦੇ ਨੇ!

ਇਸ ਖੁੱਲ੍ਹ ਦਾ ਫਾਇਦਾ ਉਠਾਉਂਦਿਆਂ ਜਿਨ੍ਹਾਂ ਖਿਡਾਰੀਆਂ ਨੇ ਡਰਦਿਆਂ ਟੀਕੇ ਲਾਉਣੇ ਛੱਡ ਦਿੱਤੇ ਸਨ ਉਹ ਦੁਬਾਰਾ ਲਾਉਣ ਲੱਗ ਪਏ ਤੇ ਪਿੱਛੇ ਤਾਰਾਂ ਖੜਕਾ ਦਿੱਤੀਆਂ ਪਈ ਏਥੇ ਤਾਂ ਹਰੀ ਝੰਡੀ ਐ! ਆਉਣ ਵਾਲੇ ਮਾਲ ਮੱਤਾ ਲਈ ਆਉਣ ਕਿਉਂਕਿ ਕੈਨੇਡਾ 'ਚ ਮਿਲਦਾ ਨਹੀਂ ਜਾਂ ਬਹੁਤ ਮਹਿੰਗਾ ਮਿਲਦੈ। ਜਦੋਂ ਮਾਲ ਮੱਤੇ ਨਾਲ ਲੈਸ ਇਕ ਖਿਡਾਰੀ ਵੈਨਕੂਵਰ ਹਵਾਈ ਅੱਡੇ 'ਤੇ ਫੜਿਆ ਗਿਆ ਤਾਂ ਕਬੱਡੀ ਫੈਡਰੇਸ਼ਨਾਂ ਦੀਆਂ ਅੱਖਾਂ ਖੁੱਲ੍ਹ ਗਈਆਂ। ਕਬੱਡੀ ਕਲੱਬਾਂ ਨੂੰ ਫੰਡ ਦੇਣ ਵਾਲੇ ਵੀ ਕਹਿਣ ਲੱਗ ਪਏ ਕਿ ਕਬੱਡੀ ਟੂਰਨਾਮੈਂਟ ਕਰਾਉਣ ਦੀ ਥਾਂ ਸਾਥੋਂ ਡੋਪ ਟੈਸਟ ਕਰਾਉਣ ਦਾ ਈ ਫੰਡ ਲੈ ਲਵੋ ਪਰ ਕਬੱਡੀ ਨੂੰ ਡਰੱਗ ਮੁਕਤ ਕਰੋ।

### 119 ਖਿਡਾਰੀ ਡਰੱਗੀ

ਕਬੱਡੀ ਸੀਜ਼ਨ 2008 ਤੋਂ ਪਹਿਲਾਂ ਉਨਟਾਰੀਓ, ਬੀ. ਸੀ. ਤੇ ਯੂ. ਕੇ. ਦੀਆਂ ਕਬੱਡੀ ਫੈਡਰੇਸ਼ਨਾਂ ਨੇ ਫਿਰ ਮਤੇ ਪਾਏ ਪਈ ਐਤਕੀਂ ਹਰ ਹਾਲਤ ਵਿਚ ਖਿਡਾਰੀਆਂ ਦੇ ਡੋਪ ਟੈਸਟ ਕਰਾਏ ਜਾਣਗੇ। ਇਹ ਟੈਸਟ ਕਾਫੀ ਮਹਿੰਗੇ ਸਨ ਫਿਰ ਵੀ ਕਬੱਡੀ ਫੈਡਰੇਸ਼ਨਾਂ ਨੇ ਕਰਵਾ ਲਏ। 2008 ਵਿਚ ਕੈਨੇਡਾ ਪਹੁੰਚੇ ਕਬੱਡੀ ਖਿਡਾਰੀਆਂ ਦੇ 350 ਅਤੇ ਇੰਗਲੈਂਡ ਪਹੁੰਚਿਆਂ ਦੇ 250 ਡੋਪ ਟੈੱਸਟ ਕੀਤੇ ਗਏ ਜਿਨ੍ਹਾਂ ਰਾਹੀਂ 119 ਖਿਡਾਰੀ ਡਰੱਗੀ ਨਿਕਲੇ। ਟੈਸਟਾਂ 'ਤੇ ਖਰਚਾ ਤਾਂ ਕਾਫੀ ਹੋਇਆ ਪਰ ਓਨਾ ਫਿਰ ਵੀ ਨਹੀਂ ਹੋਇਆ ਜਿੰਨਾ ਖਿਡਾਰੀ ਡਰੱਗਾਂ ਉਤੇ ਖਰਚਦੇ ਸਨ। ਇਹ ਤਸੱਲੀ ਵਾਲੀ ਗੱਲ ਸੀ ਕਿ 8 ਅਗੱਸਤ 2008 ਦੀ ਮੀਟਿੰਗ ਵਿਚ ਉਨਟਾਰੀਓ, ਬੀ. ਸੀ., ਯੂ. ਕੇ. ਤੇ ਪੰਜਾਬ ਦੀਆਂ ਕਬੱਡੀ ਫੈਡਰੇਸ਼ਨਾਂ ਨੇ ਸਰਬ ਸੰਮਤੀ ਨਾਲ ਫੈਸਲਾ ਕੀਤਾ ਕਿ ਡੋਪ ਟੈਸਟ ਵਿਚ ਡਰੱਗੀ ਸਾਬਤ ਹੋਏ ਕਿਸੇ ਵੀ ਖਿਡਾਰੀ ਨੂੰ ਕਿਸੇ ਵੀ ਦੇਸ਼ ਵਿਚ ਕੋਈ ਕਲੱਬ ਕਬੱਡੀ ਨਹੀਂ ਖਿਡਾਏਗਾ। ਪਰ ਇਸ ਉਤੇ ਅਮਲ ਨਾ ਕੀਤਾ ਗਿਆ।

ਡੋਪ ਟੈਸਟਾਂ ਵਿਚ ਜਿਨ੍ਹਾਂ ਖਿਡਾਰੀਆਂ ਦਾ ਸੈਂਪਲ ਇਕ ਵਾਰ ਪਾਜ਼ੇਟਿਵ ਆਇਆ ਉਨ੍ਹਾਂ ਨੂੰ ਇਕ ਹਜ਼ਾਰ ਡਾਲਰ ਜੁਰਮਾਨਾ ਤੇ ਇਕ ਸਾਲ ਲਈ ਕਿਤੇ ਵੀ ਕਬੱਡੀ ਖੇਡਣ ਤੋਂ ਬੈਨ ਕੀਤਾ ਗਿਆ ਸੀ। ਬੈਨ ਮੁੱਕਣ ਤੋਂ ਬਾਅਦ ਦੁਬਾਰਾ ਖੇਡਣ ਲੱਗੇ ਅਤੇ ਦੂਜੀ ਵਾਰ ਪਾਜ਼ੇਟਿਵ ਆਏ ਖਿਡਾਰੀ ਨੂੰ ਕਬੱਡੀ ਦੇ ਮੈਦਾਨ 'ਚੋਂ ਜੀਵਨ ਭਰ ਲਈ ਬੈਨ ਕਰਨ ਦਾ ਫੈਸਲਾ ਕੀਤਾ ਗਿਆ ਸੀ। ਫੈਸਲਾ ਹੋਇਆ ਸੀ ਕਿ ਜਿਹੜੇ ਕਲੱਬ, ਅਕੈਡਮੀਆਂ, ਐਸੋਸੀਏਸ਼ਨਾਂ ਜਾਂ ਫੈਡਰੇਸ਼ਨਾਂ ਬੈਨ ਹੋਏ ਖਿਡਾਰੀਆਂ ਨੂੰ ਬੈਨ ਦੌਰਾਨ ਖਿਡਾਉਣਗੀਆਂ ਉਨ੍ਹਾਂ ਦਾ ਕੋਈ ਵੀ ਖਿਡਾਰੀ ਇੰਗਲੈਂਡ ਜਾਂ ਕੈਨੇਡਾ ਵਿਚ ਨਹੀਂ ਸੱਦਿਆ ਜਾਵੇਗਾ। ਜੇ ਕੋਈ ਹੋਰ ਮੁਲਕ ਉਨ੍ਹਾਂ ਨੂੰ ਸੱਦਦਾ ਹੈ ਤਾਂ ਉਥੇ ਇੰਗਲੈਂਡ ਤੇ ਕੈਨੇਡਾ ਦੀਆਂ ਫੈਡਰੇਸ਼ਨਾਂ ਵੱਲੋਂ ਕੋਈ ਖਿਡਾਰੀ ਨਹੀਂ ਭੇਜਿਆ ਜਾਵੇਗਾ।

### ਕਬੱਡੀ ਕਲੱਬ ਤੇ ਫੈਡਰੇਸ਼ਨਾਂ

ਕਬੱਡੀ ਕਲੱਬਾਂ, ਫੈਡਰੇਸ਼ਨਾਂ ਤੇ ਟੂਰਨਾਮੈਂਟ ਕਰਾਉਣ ਵਾਲਿਆਂ ਨੂੰ ਚਾਹੀਦਾ ਸੀ ਕਿ ਜਿੰਨੇ ਸਮੇਂ ਲਈ ਡਰੱਗੀ ਖਿਡਾਰੀਆਂ ਦੇ ਖੇਡਣ ਉਤੇ ਪਾਬੰਦੀ ਸੀ ਓਨਾ ਸਮਾਂ ਉਨ੍ਹਾਂ ਨੂੰ ਨਾ ਖਿਡਾਇਆ ਜਾਂਦਾ ਸਗੋਂ ਸੁਧਰਨ ਦਾ ਮੌਕਾ ਦਿੱਤਾ ਜਾਂਦਾ। ਇਸ ਦੌਰਾਨ ਕਬੱਡੀ ਦੀਆਂ ਪੈਰਲਲ ਫੈਡਰੇਸ਼ਨਾਂ ਬਣ ਗਈਆਂ ਜੋ ਡੋਪ ਟੈਸਟ ਕਰਾ ਕੇ ਡਰੱਗੀ ਖਿਡਾਰੀਆਂ ਨੂੰ ਆਪਣੇ ਹੱਥੋਂ ਨਹੀਂ ਸਨ ਗੁਆਉਣਾ ਚਾਹੁੰਦੀਆਂ। ਡਰੱਗ ਦੇ ਵਪਾਰੀ ਵੀ ਨਹੀਂ ਸੀ ਚਾਹੁੰਦੇ ਕਿ ਉਹਨਾਂ ਦਾ ਕਾਰੋਬਾਰ ਬੰਦ ਹੋਵੇ। ਜਿਹੜੇ 'ਕਬੱਡੀ ਪ੍ਰਮੋਟਰ' ਡੋਪੀ ਖਿਡਾਰੀਆਂ ਨੂੰ ਡਾਲਰਾਂ ਨਾਲ ਨਿਵਾਜਦੇ ਹਨ ਉਹ ਉਨ੍ਹਾਂ ਦਾ ਭਲਾ ਕਰਨ ਦੀ ਥਾਂ ਉਨ੍ਹਾਂ ਦਾ ਬੁਰਾ ਕਰਦੇ ਹਨ ਜੋ ਉਨ੍ਹਾਂ ਨੂੰ ਬਾਅਦ ਵਿਚ ਪਤਾ ਲੱਗੇਗਾ। ਕਬੱਡੀ ਵਿਚ ਆਈ ਡਰੱਗ ਨੇ ਚੰਗੀ ਸੋਚ ਵਾਲੇ ਲੋਕਾਂ ਦਾ ਕਬੱਡੀ ਤੋਂ ਮੋਹ ਭੰਗ ਕਰ ਦਿੱਤਾ ਹੈ।

### ਵਰਲਡ ਕੱਪਾਂ ਵਿਚ ਡੋਪ ਟੈੱਸਟ

2010 ਵਿਚ ਪੰਜਾਬ ਦੇ ਪਹਿਲੇ ਕਬੱਡੀ ਵਰਲਡ ਕੱਪ ਸਮੇਂ ਡੋਪ ਟੈਸਟ ਕੀਤੇ ਤਾਂ 23 ਖਿਡਾਰੀ ਟਰਾਇਲਾਂ ਸਮੇਂ ਤੇ 9 ਟੂਰਨਾਮੈਂਟ ਦੌਰਾਨ ਪਾਜ਼ੇਟਿਵ ਪਾਏ ਗਏ ਸਨ। ਪੰਜਾਬ ਦੇ ਦੂਜੇ ਕਬੱਡੀ ਵਰਲਡ ਕੱਪ-2011 ਲਈ ਭਾਰਤੀ ਟੀਮ ਦੀ ਚੋਣ ਕਰਨ ਵੇਲੇ 51 ਖਿਡਾਰੀਆਂ ਦੇ ਡੋਪ ਟੈਸਟ ਕੀਤੇ ਜਿਨ੍ਹਾਂ ਵਿਚੋਂ 20 ਖਿਡਾਰੀ ਪਾਜ਼ੇਟਿਵ ਨਿਕਲੇ। ਕੱਪ ਦੌਰਾਨ ਹਰ ਮੈਚ ਪਿੱਛੋਂ ਦੋਹਾਂ ਟੀਮਾਂ ਦੇ 2-2 ਖਿਡਾਰੀਆਂ ਦੇ ਸੈਂਪਲ ਲਏ ਜਾਂਦੇ ਰਹੇ ਤੇ ਦੋ ਦਿਨਾਂ ਬਾਅਦ ਨਤੀਜਾ ਨਸ਼ਰ ਕੀਤਾ ਜਾਂਦਾ ਰਿਹਾ। ਦੂਜੇ ਵਿਸ਼ਵ ਕੱਪ ਵਿਚ ਕੁਲ 311 ਡੋਪ ਟੈਸਟ ਕੀਤੇ ਗਏ ਜਿਨ੍ਹਾਂ ਉਤੇ 47 ਲੱਖ ਰੁਪਏ ਖਰਚ ਹੋਏ। ਕੱਪ ਦੌਰਾਨ 52 ਤੇ ਟਰਾਇਲਾਂ ਦੌਰਾਨ 20 ਖਿਡਾਰੀ ਜੋੜ ਕੇ ਕੁਲ 72 ਖਿਡਾਰੀ ਡਰੱਗੀ ਨਿਕਲੇ। ਉਨ੍ਹਾਂ ਵਿਚ ਇੰਗਲੈਂਡ ਦੇ 10, ਕੈਨੇਡਾ 8, ਅਮਰੀਕਾ 8, ਸਪੇਨ 7, ਆਸਟ੍ਰੇਲੀਆ 6, ਇਟਲੀ 6, ਨਾਰਵੇ 3, ਭਾਰਤ 1, ਪਾਕਿਸਤਾਨ 1, ਜਰਮਨੀ 1 ਅਤੇ ਅਰਜਨਟੀਨਾ ਦਾ ਵੀ 1 ਖਿਡਾਰੀ ਸੀ। ਟਰਾਇਲਾਂ ਦੌਰਾਨ ਭਾਰਤ ਦੇ 20 ਖਿਡਾਰੀ ਡਰੱਗੀ ਨਿਕਲੇ ਸਨ ਜਿਨ੍ਹਾਂ ਵਿਚ 1 ਜੋੜ ਕੇ ਕੁਲ 21 ਬਣਦੇ ਸਨ!

ਕਬੱਡੀ ਵਿਚ ਡਰੱਗ ਦੇ ਕੋਹੜ ਦਾ ਇਲਾਜ ਕਰਨਾ ਬੇਸ਼ੱਕ ਸੌਖਾ ਨਹੀਂ ਪਰ ਜੇ ਸਾਰੇ ਕਬੱਡੀ ਪ੍ਰੇਮੀ ਤਹੱਈਆ ਕਰ ਲੈਣ ਤਾਂ ਔਖਾ ਵੀ ਨਹੀਂ। ਵਿਦੇਸ਼ਾਂ ਦੀਆਂ ਕਬੱਡੀ ਫੈਡਰੇਸ਼ਨਾਂ ਪੰਜਾਬ ਤੋਂ ਕੇਵਲ ਉਨ੍ਹਾਂ ਖਿਡਾਰੀਆਂ ਨੂੰ ਹੀ ਸੱਦਣ ਜਿਹੜੇ ਵੀਜ਼ਾ ਅਰਜ਼ੀ ਨਾਲ ਵਾਡਾ/ਨਾਡਾ ਤੋਂ ਡੋਪ ਟੈਸਟ ਕਰਵਾਏ ਜਾਣ ਦਾ ਸਰਟੀਫਿਕੇਟ ਲਾਉਣ। ਸੱਦੇ ਗਏ ਖਿਡਾਰੀਆਂ ਦੇ ਐਟ ਰੈਂਡਮ ਡੋਪ ਟੈਸਟ ਵੀ ਹੋਣ। ਕਬੱਡੀ ਨੂੰ ਡਰੱਗ ਦੀ ਮਾਰ ਤੋਂ ਬਚਾਉਣ ਲਈ ਨੇਕਨੀਅਤੀ ਦੀ ਲੋੜ ਹੈ। ਐਵੇਂ ਜਾਅਲੀ ਡੋਪ ਟੈਸਟ ਕਰਾਉਣ ਦਾ ਡਰਾਮਾ ਰਚ ਕੇ ਕਬੱਡੀ ਪ੍ਰੇਮੀਆਂ ਤੇ ਖਰੇ ਖਿਡਾਰੀਆਂ ਦੀਆਂ ਅੱਖਾਂ ਵਿਚ ਘੱਟਾ ਨਹੀਂ ਪਾਉਣਾ ਚਾਹੀਦਾ। ਡਰੱਗ ਟੈੱਸਟ ਦੀ ਫੀਸ 40 ਡਾਲਰ ਹੈ ਤੇ ਡੋਪ ਟੈੱਸਟ ਦੀ 200 ਡਾਲਰ।

### ਉਨਟਾਰੀਓ ਕਬੱਡੀ ਫੈਡਰੇਸ਼ਨ

ਉਨਟਾਰੀਓ ਕਬੱਡੀ ਫੈਡਰੇਸ਼ਨ ਨੇ 2018 ਦੇ ਕਬੱਡੀ ਸੀਜ਼ਨ ਵਿਚ ਲਗਭਗ ਸੌ ਕੁ ਖਿਡਾਰੀਆਂ ਦੇ ਸੈਂਪਲ ਲਏ ਸਨ। ਪਹਿਲੇ ਟੂਰਨਾਮੈਂਟ ਤੋਂ ਹੀ ਪਤਾ ਲੱਗ ਗਿਆ ਸੀ ਕਿ ਅੱਧੋਂ ਵੱਧ ਖਿਡਾਰੀ ਡਰੱਗੀ ਸਨ। ਬਾਲ ਹੁਣ ਉਨਟਾਰੀਓ ਕਬੱਡੀ ਫੈਡਰੇਸ਼ਨ ਦੇ ਪਾਲੇ ਵਿਚ ਹੈ। ਉਸ ਨੂੰ ਚਾਹੀਦੇ ਕਿ 2019 ਦੇ ਕਬੱਡੀ ਸੀਜ਼ਨ ਲਈ ਕੋਈ ਵੀ ਡਰੱਗੀ ਖਿਡਾਰੀ ਨਾ ਸੱਦੇ। ਵੇਖਣਾ ਹੁਣ ਇਹ ਹੈ ਕਿ ਕੌਣ ਡਰੱਗੀ ਕਬੱਡੀ ਦੇ ਹੱਕ ਵਿਚ ਹੈ ਤੇ ਕੌਣ ਕਬੱਡੀ ਨੂੰ ਡਰੱਗ ਮੁਕਤ ਕਰਨ ਦੇ?


Real Estate Exam Prep

ਰਿਐਲਟਰ ਬਣਨ ਦਾ ਸੁਨਿਹਰੀ ਮੌਕਾ,
ਲੰਘ ਗਿਆ ਸਮਾਂ ਹੱਥ ਨਹੀਂ ਆਉਣਾ

The Rules are changing
For Real Estate Licence

It will become a Full Time College course soon!
To Avoid going to college for 2-3 Years, Join Now

Call: 647-625-7961

Pass each exam in just 2 weeks
- Easy to Understand Material
- Important Practice Questions
- Limited Summarized Material




2250 Bovaird Dr E, Unit#407, Medical Building
Behind RBC, Sunny Meadow/Bovaird

# (ਮਹਾਂ ਪਾਪ ਕਰਕੇ ਧਰਤੀ ਕੰਬਦੀ ਹੈ, ਤਾਂ ਭੁਚਾਲ ਆਉਂਦਾ ਹੈ)



ਕਰਨੈਲ ਸਿੰਘ ਟੋਰਾਂਟੋ
-416-746-7642-



ਕਲਮਲਿ ਹੋਈ ਮੇਦਨੀ ਅਰਦਾਸਿ ਕਰੇ ਲਿਵ ਲਾਇ॥
ਸਚੈ ਸੁਣਿਆ ਕੰਨੁ ਦੇ ਧੀਰਕ ਦੇਵੈ ਸਹਜਿ ਸੁਭਾਇ॥
ਪੰਨਾ ੧੨੮੧

ਅਰਥ:- ਮੇਦਨੀ ਭਾਵ ਧਰਤੀ ਪਾਪਾਂ ਕਰਕੇ ਕਲਮਲਿ, ਵਿਆਕੁਲ ਹੋਈ, ਦੁਖੀ ਹੋਈ ਪਾਪਾਂ ਦਾ ਭਾਰ ਚੁਕਣ ਦੇ ਸਮ੍ਰੱਥ ਨਹੀਂ ਰਹੀ ।ਬ੍ਰਹਮਾਂ ਜੀ ਨੂੰ ਨਾਲ ਲੈ ਕੇ ਖੀਰ ਸਮੁੰਦ੍ਰ ਤੇ ਗਈ ਭਗਵਾਨ ਦੇ ਚਰਨਾਂ ਵਿਚ ਲਿਵ ਲਾ ਕੇ ਅਰਦਾਸ, ਬੇਨਤੀ ਕੀਤੀ।

ਤੀਸਰੇ ਗੁਰੂ ਨਾਨਕ ਕਹਿੰਦੇ ਹਨ :- ਸੱਚੇ ਪ੍ਰਮਾਤਮਾ ਨੇ ਕੰਨ ਦੇ ਕੇ ਸੁਣਿਆ ਅਤੇ ਸਹਿਜ ਸੁਭਾਇ ਭਾਵ ਸੁਤੇ ਸਿਧ ਧੀਰਜਤਾ ਦਿੱਤੀ ਧਰਤੀ ਨੂੰ, ਕੇ ਤੂੰ ਚਿੰਤਾ ਮਤ ਕਰ ਹੁਣ ਮੈਂ ਆਪ ਹੀ ਦਸਮ ਜਾਮੇ ਧਾਰਨ ਕਰਕੇ, ਤੇਰੇ ਦੁੱਖਾਂ ਨੂੰ ਦੂਰ ਕਰਾਂਗਾ।

ਨੋਟ:- ਕਈ ਗੁਰਮੁਖ ਪਿਆਰੇ ਕਹਿੰਦ ਹਨ, ਕੇ ਪ੍ਰਮਾਤਮਾ ਅਜੂਨੀਂ ਹੈ। ਦਾਸ ਇਸ ਦੇ ਨਾਲ ਵੀ ਸਹਿਮਤ ਹੈ। ਪਰ ਇਥੇ ਆਪ ਹੀ ਕਹਿ ਰਹੇ ਹਨ, ਸ੍ਰੀ ਗੁਰੂ ਅਮਰ ਦਾਸ ਜੀ, ਕੇ ਸੱਚੇ ਨੇ ਕੰਨ ਦੇ ਕੇ ਸੁਣਿਆ। ਕੰਨ ਤਾਂ ਸਰੀਰ ਨਾਲ ਹੀ ਲਗਦੇ ਹਨ। ਆਪਾਂ ਅਲਪੱਗ ਬੁੱਧੀ ਵਾਲੇ ਜੀਵ ਕਿਸੇ ਵੀ ਕਥਨੀਂ ਬਧਨੀਂ ਨਾਲ ਉਸਦਾ ਅੰਤ ਨਹੀਂ ਪਾ ਸਕਦੇ। ਉਸਦਾ ਅੰਤ ਬ੍ਰਹਮਾਂ ਵਿਸ਼ਨੂੰ, ਸ਼ਿਵਜੀ, ਤਿੰਨਾਂ ਵੱਡੇ ਦੇਵਤਿਆਂ ਨੇ ਵੀ ਨਹੀਂ ਪਾਇਆ, ਜੋ ਉਸਦੇ ਚੇਲੇ ਹਨ। ਸ਼ੇਸ਼ ਨਾਗ ਨੇ ਹਜ਼ਾਰ ਜੀਹਬਾ ਨਾਲ ਨਿਤ ਨਮੇਂ ਤੇ ਨਮੇਂ ਨਾਮਾਂ ਨਾਲ ਉਚਾਰਨ ਕੀਤਾ, ਪਰ ਉਸ ਦੇ ਸਾਰੇ ਨਾਮਾਂ ਨੂੰ ਗਿਣ ਨਹੀਂ ਸਕਿਆ। ਆਖ਼ਰ ਨੂੰ ਕਹਿੰਦਾ ਤੂੰ ਬੇਅੰਤ ਹੈ।

ਆਪਿ ਨਰਾਇਣੁ ਕਲਾਧਾਰਿ ਜਗਿ ਮਹਿ ਪਰਵਰਿਯਉ॥
ਪੰਨਾ ੧੩੯੫

ਅਰਥ:- ਜਿਸ ਸਮੇਂ ਧਰਤੀ ਪਾਪਾਂ ਕਰਕੇ ਦੁਖੀ ਹੋ ਕੇ ਰੋਂਦੀ ਹੈ ਤਾਂ ਆਪ ਪ੍ਰਭੂ ਅਵਤਾਰ ਧਾਰਕੇ ਆਉਂਦਾ ਹੈ। ਇਸ ਦੇ ਸਬੰਧ ਵਿਚ ਗੁਰਮਤ ਦੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਲਿਖਦੇ ਹਨ।

ਤਥਾ:- ਸੁਣੀ ਪੁਕਾਰਿ ਦਾਤਾਰ ਪ੍ਰਭ, ਗੁਰ ਨਾਨਕ ਜਗ ਮਾਹਿ ਪਠਾਇਆ
ਵਾਰ ੧ ਪਾਉੜੀ ੨੩

ਸ੍ਰੀ ਗੁਰੂ ਗੋਬਿੰਦ ਸਿੰਘ ਪ੍ਰਭੂ ਦੇ ਅਵਤਾਰ ਜਦੋਂ ਸਾਬੋ ਕੀ ਤਲਵੰਡੀ ਰਹਿੰਦੇ ਸੀ, ਧਰਤੀ ਇਸਤ੍ਰੀ ਦੇ ਰੂਪ ਵਿਚ ਮਹਾਰਾਜ ਦੇ ਚਰਨਾਂ ਵਿਚ ਰੋਈ ਸੀ। ਕਹਿੰਦੀ ਹੇ ਪ੍ਰਭੂ ਸਰੂਪ ਇਸ ਇਲਾਕੇ ਵਿਚ ਬਠਿੰਡੇ ਦੇ ਕਿਲੇ ਵਿਚ ਇਕ ਦਿਯੋ ਰਹਿੰਦਾ ਹੈ। ਉਹ ਇਸ ਇਲਾਕੇ ਵਿਚ ਕੋਈ ਫੱਸਲ ਵਾੜੀ ਨਹੀਂ ਉੱਘਣ ਦਿੰਦਾ, ਜਿਧਰ ਨੂੰ ਲੰਘ ਜਾਂਦਾ ਹੈ ਸਭ ਫਸਲਾਂ ਸੁਕ ਜਾਂਦੀਆਂ ਹਨ, ਪਸ਼ੂਆਂ ਲਈ ਘਾਹ ਨਹੀਂ ਉਘਦਾ। ਆਪ ਕ੍ਰਿਪਾ ਕਰਕੇ ਇਸ ਦਿਯੋ ਨੂੰ ਏਥੋਂ ਕੱਢੋ ਜੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧਰਤੀ ਰੂਪ ਇਸਤ੍ਰੀ ਦੀ ਬੇਨਤੀ ਪ੍ਰਵਾਨ ਕਰਕੇ, ਬਠਿੰਡੇ ਦੇ ਕਿਲ੍ਹੇ ਵਿਚ ਗਏ ਦਿਯੋ ਦੇ ਪਾਸ ਪਹੁੰਚਕੇ ਉਸ ਨੂੰ ਕਿਹਾ, ਤੂੰ ਇਥੋਂ ਛੱਡ ਕੇ ਕਿਤੇ ਹੋਰ ਜਗਾ ਚਲਾ ਜਾ। ਦਿਯੋ ਨੇ ਕਿਹਾ ਮਹਰਾਜ ਜੀ ਪਹਿਲਾਂ ਗੁਰੂ ਅਮਰ ਦਾਸ ਜੀ ਨੇ ਸਾਨੂੰ ਗੋਇੰਦ ਵਾਲ ਵਿਚੋਂ ਕਢਿਆ ਸੀ। ਮੈਂ ਉਸ ਵੇਲੇ ਆਪਣੀ ਮਾਂ ਦੇ ਓਦਰ ਵਿਚ ਸੀ, ਮੇਰੀ ਮਾਂ ਦੇ ਉਦਰ ਤੇ ਗੁਰੂ ਅਮਰ ਦਾਸ ਜੀ ਨੇ ਛੱਟੀ ਮਾਰੀ ਸੀ। ਉਸ ਦਿਨ ਤੋਂ ਮੈਂ ਕਾਣਾ ਹੋ ਗਿਆ ਸੀ, ਇਸ ਦਾ ਨਾਮ ਕਾਣਾ ਦਿਯੋ ਪੈ ਗਿਆ ਸੀ। ਹੁਣ ਹੁਕਮ ਕਰੋ ਕਿਥੇ ਜਾਵਾਂ ਗੁਰੂ ਜੀ ਕਿਹਾ ਸਰਹੰਦ ਜਾ ਕੇ ਉਜਾੜਾ ਪਾ। ਨਮਸ਼ਕਾਰ ਕਰਕੇ ਸਰਹੰਦ ਚਲਿਆ ਗਿਆ ਸੀ ਕਾਣਾ ਦਿਯੋ। ਹੁਣ ਵੀ ਕਾਣੇ ਦਿਯੋ ਵਾਲਾ ਬਠਿੰਡੇ ਦਾ ਕਿਲਾ ਵੱਜਦਾ ਹੈ। ਨੋਟ:- ਇਹ ਸਾਖੀਆਂ ਅਸੀਂ ਪੰਜਾਹ ਸਾਲ ਪਹਿਲਾਂ ਪੜੀਆਂ ਸੀ, ਹੁਣ ਇਤਿਹਾਸ ਵਿਚੋਂ ਕੱਢ ਦਿੱਤੀਆਂ ਹਨ। ਕਲਯੁਗ ਦੇ ਪ੍ਰਭਾਵ ਕਰਕੇ।

1. ਜੁਗਿ ਗਰਦੀ ਜਬ ਹੋਵਹੇ ਉਲਟੇ ਜੁਗੁ ਕਿਆ ਹੋਇ ਵਰਤਾਰਾ।
2. ਉਠੇ ਗਿਲਾਨਿ ਜਗਤਿ ਵਿਚਿ ਵਰਤੇ ਪਾਪ ਭ੍ਰਿਸ਼ਟਿ ਸੰਸਾਰਾ।
3. ਵਰਨਾ ਵਰਨ ਨ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਿਆਰਾ।
4. ਨਿੰਦਿਆ ਚਲੇ ਵੇਦ ਕੀ ਸਮਝਨਿ ਨਹਿ ਅਗਿਆਨਿ ਗੁਬਾਰਾ।
5. ਬੇਦ ਗਿਰੰਥ ਗੁਰ ਹਟਿ ਹੈ ਜਿਸੁ ਲਗਿ ਭਵਜਲ ਪਾਰ ਉਤਾਰਾ। ਵਾਰ ੧ ਪਉੜੀ ੧੭

ਅਰਥ:- ਬੇਦ ਅਤੇ ਹੋਰ ਧਾਰਮਕ ਗ੍ਰੰਥ ਗੁਰੂ ਜੀ ਦੇ ਗਿਆਨ ਨੂੰ ਦੇਣ ਵਾਲੀ ਹੱਟੀ ਭਾਵ ਦੁਕਾਨ ਹੈ। ਧਾਰਮਕ ਗ੍ਰੰਥਾਂ ਦੀ ਨਿੰਦਿਆ ਕਰਨ ਲਗ ਜਾਂਦੇ ਹਨ, ਪਰ ਅਗਿਆਨ ਦੇ ਹਨੇਰੇ ਵਿਚ ਜੀਵ ਪ੍ਰਭੂ ਦੇ ਸੱਚੇ ਗਿਆਨ ਤੋਂ ਦੂਰ ਚਲੇ ਜਾਂਦੇ ਹਨ।

ਕਬੀਰ ਜੀ ਕਹਿੰਦੇ ਹਨ :-
ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥
ਪੰਨਾ ੧੩੫੦

ਨੋਟ:- ਜਿਸ ਸਮੇਂ ਧਰਤੀ ਤੇ ਗ੍ਰੰਥਾ ਦੀ ਨਿੰਦਿਆ ਅਤੇ ਸਾਧੂ, ਸੰਤਾਂ ਦੀ ਨਿੰਦਿਆ ਹੋਣ ਲਗ ਜਾਵੇ ਫੇਰ ਧਰਤੀ ਦੁਖੀ ਹੋ ਜਾਂਦੀ ਹੈ। ਸਾਧੂ ਸੰਤ ਧਾਰਮਕ ਗ੍ਰੰਥਾਂ ਨੂੰ ਪੜਦੇ ਹਨ, ਨਾਮ ਜਪਦੇ ਹਨ ਅਤੇ ਸਭ ਲੁਕਾਈ ਨੂੰ ਨਾਮ ਜਪਾਂਦੇ ਹਨ।

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥੧॥
ਪੰਨਾ ੩੧੯

ਅਰਥ:- ਜਿਨ੍ਹਾਂ ਦੇ ਮਨ ਵਿਚ ਸ੍ਵਾਸ ਸ੍ਵਾਸ ਨਾਮ ਚਲਦਾ ਹੈ, ਗਿਰਾਸਿ ਤੋਂ ਭਾਵ ਭੋਜਨ ਖਾਣ ਸਮੇਂ ਵੀ ਅੰਦਰੋਂ ਨਾਮ ਚਲਦਾ ਰਹਿੰਦਾ ਹੈ ਨਾਮ ਵਿਸਰਦਾ ਨਹੀਂ। ਗੁਰੂ ਜੀ ਕਥਨ ਕਰਦੇ ਹਨ:- ਉਹ ਪੂਰਨ ਸੰਤ ਹੈ ਧੰਨਤਾ ਦੇ ਜੋਗ ਹੈ। ਪੂਰਨ ਸੰਤ ਅਤੇ ਪ੍ਰਭੂ ਵਿਚ ਭਿਨ ਭੇਦ ਨਹੀਂ।

ਤਥਾ:- ਸਾਧ ਕੀ ਸੋਭਾ ਸਾਧ ਬਨਿਆਈ ॥ ਨਾਨਕ ਸਾਧ ਪ੍ਰਭ ਭੇਦੁ ਨ ਭਾਈ
ਪੰਨਾ ੨੭੨

ਇਕ ਦਫਾ ਗੁਰੂ ਨਾਨਕ ਦੇਵ ਜੀ ਏਮਾਨਾ ਬਾਦ ਨੂੰ ਜਾ ਰਹੇ ਸੀ। ਰਸਤੇ ਵਿਚ ਸਾਧੂ ਮਿਲ ਗਏ। ਬਚਨ ਬਿਲਾਸ ਕਰਦੇ ਏਮਨਾਬਾਦ ਪਹੁੰਚ ਗਏ, ਸਤਿਗੁਰ ਰੋੜਾਂ ਦਾ ਚਉਂਤਰਾ ਬਣਾਕੇ ਬੈਠ ਗਏ। ਮਰਦਾਨੇ ਨੂੰ ਅਤੇ ਸਾਧੂਆਂ ਨੂੰ ਕਿਹਾ ਤੁਸੀਂ ਪਿੰਡ ਚੋਂ ਜਾ ਕੇ ਰੋਟੀ ਮੰਗਕੇ ਖਾ ਆਓ। ਅੱਗੇ ਪਠਾਣਾਂ ਤੋਂ ਰੋਟੀ ਮੰਗੀ ਉਨ੍ਹਾਂ ਦੇ ਵਿਆਹ ਸੀ, ਸ਼ਰਾਬਾਂ ਪੀਤੀਆਂ ਸੀ ਪਠਾਣਾਂ ਨੇਂ, ਹੰਕਾਰਿਆਂ ਹੋਇਆਂ ਨੇ ਮਰਦਾਨੇ ਨੂੰ ਅਤੇ ਸਾਧੂਆਂ ਨੂੰ ਕੁਟਿਆ ਵੇਚਾਰੇ ਵਾਪਿਸ ਆ ਗਏ, ਆਕੇ ਦਸਿਆ ਮਹਾਰਾਜ ਪਠਾਣਾ ਨੇ ਸਾਨੂੰ ਬਹੁਤ ਕੁਟਿਆ। ਮਹਾਂ ਪੁਰਸ਼ਾਂ ਦਾ ਨਿਰਾਦਰ ਸਹਾਰ ਨਹੀਂ ਸਕੇ, ਗੁਰੂ ਨਾਨਕ ਦੇਵ ਜੀ ਸਾਮਣੇ ਭਾਈ ਲਾਲੋ ਜੀ ਵੀ ਬੈਠੇ ਸਨ। ਲਾਲੋ ਜੀ ਨੂੰ ਮੁਖਾਤਬ ਕਰਕੇ ਸ਼ਬਦ ਉਚਾਰਨ ਕੀਤਾ। ਭਵਿੱਖਤ ਬਚਨ ਹੈ।

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥
ਪੰਨਾ ੭੨੨
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨ ਵੇ ਲਾਲੋ॥

ਅਰਥ:- ਸੰਤਾਂ ਦਾ ਨਿਰਾਦਰ ਦੇਖਕੇ ਸਰਾਪ ਦੇ ਦਿਤਾ। ਏਮਨਾਂਬਾਦ ਵਿਚ ਦੂਸਰੇ ਦਿਨ ਬਾਬਰ ਮੁਗਲ ਫੌਜਾਂ ਲੈ ਕੇ ਆ ਜਾਂਦਾ ਹੈ। ਬਸ ਫੇਰ ਹੰਕਾਰੇ ਪਠਾਣਾਂ ਦੀਆਂ ਧੜਾਂ ਗਲੀਆਂ ਵਿਚ ਰੁਲਦੀਆਂ ਫਿਰਦੀਆਂ ਸੀ, ਅਤੇ ਜਨਾਨੀਆਂ ਨੂੰ ਗਲਾਂ ਵਿਚ ਰੱਸੀਆਂ ਪਾਕੇ ਬੰਨ੍ਹ ਕੇ ਲੈ ਗਏ। ਦੁਖਾਂ ਦੇ ਸਮੇਂ ਪਠਾਣੀਆਂ ਹੇ ਖੁਦਾ ਹੇ ਖੁਦਾ ਕਰਦੀਆਂ ਹਨ। ਬਾਬਰ ਦੇ ਸਿਪਾਹੀ ਫੌਜੀ ਉਹਨਾਂ ਦੇ ਮੂੰਹ ਤੇ ਮਿਟੀ ਪਾਂਦੇ ਹਨ।

ਖੂਨਕੇ ਸੋਹਿਲੇ ਗਾਵੀਅਹਿ ਨਾਨਕ ਰਤੁਕਾ ਕੁੰਗੂ ਪਾਏ ਵੇ ਲਾਲੋ
ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ॥
ਮਹਲਾ ੧॥ ਪੰਨਾ ੭੨੩

ਅਰਥ:- ਸੰਤਾਂ ਨੂੰ ਦੁੱਖ ਦੇ ਕੇ ਵਿਆਹ ਵਿਚ ਜਿਹੜੇ ਗੀਤ ਗਾਂਉਂਦੇ ਸੀ, ਉਹ ਖ਼ੂਨ ਦੇ ਸੋਹਲਿਆਂ ਵਿਚ ਬਦਲ ਗਏ। ਜਿਹੜਾ ਵਿਆਹ ਵਿਚ ਕੇਸਰ ਛਿੜਕਆ ਗਿਆ। ਲੋਥਾ ਰੁਲਦੀਆਂ ਫਿਰਦੀਆਂ ਹਨ ਕਾਂ ਕੁੱਤੇ ਖਾਂਦੇ ਹਨ, ਮਾਸ ਦੀ ਪੁਰੀ ਬਣ ਗਿਆ ਏਮਨਾ ਬਾਦ। ਗੁਰੂ ਜੀ ਕਹੋ ਜਾਂ ਪਰਮਾਤਮਾ ਇਕੋ ਰੂਪ ਹਨ, ਆਪਣੇ ਪਿਆਰੇ ਸੰਤਾਂ ਦਾ ਦੁਖ ਜਾਂ ਨਿਰਾਦਰ ਬਰਦਾਸ਼ਤ ਨਹੀਂ ਕਰਦੇ, ਪ੍ਰਹਿਲਾਦ ਦੀ ਰਖਿਆ ਕੀਤੀ ਸੀ।

ਬੇਅੰਤ ਮਸ਼ਾਲਾਂ ਹਨ। ਉਸ ਦੇ ਪਿਆਰੇ ਪੁਤ੍ਰ ਸੰਤ ਹੀ ਹਨ।

ਤਾਂ ਹੀ ਕਿਸੇ ਸੰਤ ਨੇ ਕਿਹਾ ਹੈ:-
ਸੰਤ ਸਾਂਈ ਕੇ ਲਾਡਲੇ ਸੰਤ ਸਾਂਈਂ ਕੇ ਪੂਤ।
ਸੰਤ ਨ ਹੋਤੇ ਜਗਤ ਮੇਂ ਤਾਂ ਸਾਂਈਂ ਭੀ ਜਾਂਦਾ ਊਤ।

ਹਰਨਾਖਸੁ ਨੇਂ ਤਲਵਾਰ ਨੰਗੀ ਕੱਢਕੇ ਆਪਣੇ ਪੁਤ੍ਰ ਪ੍ਰਹਿਲਾਦ ਨੂੰ ਕਿਹਾ, ਮੈਂ ਤੈਨੂੰ ਮਾਰਨ ਲੱਗਾਂ ਤੂੰ ਆਪਣੇ ਹਰੀ ਭਗਵਾਨ ਨੂੰ ਬੁਲਾ ਲੈ, ਮੇਰੀ ਤਲਵਾਰ ਪਾਸੋਂ ਤੈਨੂੰ ਬਚਾ ਲਵੇ। ਤਾਂ ਮੈਂ ਦੇਖਾਂਗਾ ਤੇਰੇ ਰਾਮ ਨੂੰ।

ਹਾਥਿ ਖੜਗੁ ਕਰਿ ਧਾਇਆ ਅਤਿ ਅਹੰਕਾਰਿ॥
ਹਰਿ ਤੇਰਾ ਕਹਾ ਤੁਝੁ ਲਏ ਉਬਾਰਿ॥
ਖਿਨ ਮਹਿ ਭੈਆਨ ਰੂਪ ਨਿਕਸਿਆ ਥੰਮ੍ ਉਪਾੜਿ॥
ਹਰਣਾਖਸੁ ਨਖੀ ਬਿਦਾਰਿਆ ਪ੍ਰਹਲਾਦੁ ਲੀਆ ਉਬਾਰਿ॥

ਉਸੈ ਟੈਮ ਪ੍ਰਮਾਤਮਾਂ ਲਾਲ ਤਪਦੇ ਥੰਮ੍ਹ ਨੂੰ ਪਾੜਕੇ, ਨਰ ਸਿੰਘ ਅਵਤਾਰ ਧਾਰਕੇ ਭਿਆਨਕ ਰੂਪ ਡਰਾਉਣੀ ਸਕਲ ਬਣਾਕੇ ਆਇਆ।

ਸੰਤ ਜਨਾ ਕਾ ਹਰਿ ਜੀਉ ਰਾਖਾ ਦੈਤੈ ਕਾਲੁ ਨੇੜਾ ਆਇਆ॥
ਪੰਨਾ ੧੧੩੩

ਅਰਥ:- ਦੈਂਤ ਹਰਨਾਖਸੁ:ਰਬ ਦੇ ਪਿਆਰੇ ਨਾਮ ਦੇ ਰਸੀਏ ਸੰਤ ਨੂੰ ਮਾਰਨਾ ਚਉਂਦਾ ਸੀ, ਉਹ ਹੰਕਾਰੀ ਅਤੇ ਮਹਾਂ ਪਾਪੀ ਸੰਤ ਨਿੰਦਕ ਦਾ ਕਾਲ ਨੇੜੇ ਆਗਿਆ। ਅਜ ਵੀ ਗੁਣੀ ਗਿਆਨੀ ਕਹਿੰਦੇ ਹਨ ਸੰਤ ਬਹੁਤ ਵਧ ਗਏ ਹਨ, ਹਰਨਾਖਸ਼ ਵਾਲਾ ਰੋਲ ਅਦਾ ਕਰਦੇ ਹਨ।

ਤਥਾ:- ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ ਹਰਨਾਖਸੁ ਨਖ ਬਿਦਰਿਓ॥
ਪੰਨਾ ੯੫੬

ਅਰਥ:- ਨਰ ਸਿੰਘ ਅਵਤਾਰ ਨੇ ਆਪਣੇ ਪਿਆਰੇ ਪੁਤ੍ਰ ਪ੍ਰਹਿਲਾਦ ਦੀ ਇਜ਼ਤ ਰਖੀ, ਹਰਨਾਖਸ਼ ਨੂੰ ਆਪਣੇ ਵੱਡੇ ਨੌਹਾਂ ਨਾਲ ਚੀਰ ਕੇ ਪਾੜ ਕੇ ਸੁੱਟ ਦਿਤਾ ਸੀ। ਪਰ ਪਾਪੀ ਦੁਸ਼ਟ ਬੰਦੇ ਛੇਤੀ ਸਮਝਦੇ ਨਹੀਂ।

ਤਥਾ:-ਦੁਸਟ ਚਉਕੜੀ ਸਦਾ ਕੂੜੁ ਕਮਾਵਹਿ ਨਾ ਬੂਝਹਿ ਵੀਚਾਰੇ॥
ਨਿੰਦਾ ਦੁਸਟੀ ਤੇ ਕਿਨ ਫਲੁ ਪਾਇਆ ਹਰਣਾਖਸ ਨਖਹਿ ਬਿਦਾਰੇ॥
ਪੰਨਾ ੬੦੧

ਤਥਾ:- ਸਾਧੂ ਜਨ ਕੀ ਨਿੰਦਾ ਵਿਆਪੇ ਜਾਸਨਿ ਜਨਮੁ ਗਵਾਈ ॥

ਭਾਵ ਸਾਧੂਆਂ ਸੰਤਾਂ ਦੀ ਨਿੰਦਿਆ ਕਰਨ ਵਾਲੇ ਆਪਣੇ ਹੀਰੇ ਜਨਮ ਨੂੰ ਗਵਾ ਜਾਂਦੇ ਹਨ।

ਨੋਟ:- ਪਾਪਾਂ ਕਰਕੇ ਹੇਤੀ ਕੰਟਰੀ ਜੈਸੇ ਭਾਣੇ ਵਰਤਦੇ ਹਨ। ਜਿਹੜਾ ਸਿੱਖ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੱਚੇ ਦਿਲੋਂ ਮੰਨਦਾ ਹੈ ਉਹ ਕਦੇ ਵੀ ਧਾਰਮਕ ਗ੍ਰੰਥਾਂ ਅਤੇ ਸੰਤਾਂ ਦੀ ਨਿੰਦਾ ਨਹੀਂ ਕਰਦਾ। ਹੁਕਮ ਨੂੰ ਨਾ ਮੰਨਣ ਕਰਕੇ, ਅੱਜ ਸਿੱਖ ਜਗਤ ਲੀਰੋ ਲੀਰ ਹੋ ਗਿਆ ਹੈ।

(ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ॥)
ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ॥ ੨॥
ਪੰਨਾ ੧੦੧੫

ਅਰਥ:- ਸ੍ਰੀ ਗੁਰੂ ਨਾਨਕ ਦੇਵ ਜੀ ਨੇਂ ਮੂਰਖਾਂ ਚੋਂ ਵੱਡਾ-ਸ਼੍ਰੋਮਣੀ ਮੂਰਖ ਉਸ ਨੂੰ ਕਿਹਾ ਹੈ ਜਿਹੜਾ ਨਾਮ ਨੂੰ ਨਹੀਂ ਮੰਨਦਾ=ਭਾਵ ਹੈ ਕੇ ਗੁਰੂ ਧਾਰਨ ਕਰਕੇ ਨਾਮ ਪ੍ਰਾਪਤ ਨਹੀਂ ਕੀਤਾ, ਫੇਰ ਜਪਣਾਂ ਕਿਥੋਂ ਹੈ, ਜਦੋਂ ਵਸਤੂ ਹਿਰਦੇ ਰੂਪੀ ਝੋਲੀ ਵਿਚ ਪਾਈ ਹੀ ਨਹੀਂ। ਤੈਨੂੰ ਨਾਮ ਦੇ ਜਪਣ ਲਈ ਮਨੁੱਖਾ ਦੇਹੀ ਦਿਤੀ ਹੈ।

ਲਖ ਚਉਰਾਸੀਹ ਜੋਨਿ ਸਬਾਈ॥ ਮਾਣਸ ਕਉ ਪ੍ਰਭਿ ਦੀਈ ਵਡਿਆਈ॥
ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥੨॥
ਮਾਰੂ ਸਲਹੇ ਮਹਲਾ ੫॥ ਪੰਨਾ ੧੦੭੫

ਅਰਥ:- ਪ੍ਰਮਾਤਮਾ ਨੇ ਚੁਰਾਸੀ ਲੱਖ ਜੂਨਾਂ ਪੈਦਾ ਕੀਤੀਆਂ ਹਨ। ਸਾਰੀਆਂ ਜੂਨਾਂ ਚੋਂ ਵਡਿਆਈ=ਸਰਦਾਰੀ ਮਨੁੱਖਾ ਜੂਨੀਂ ਵਾਲਿਆਂ ਨੂੰ ਦਿੱਤੀ ਹੈ। ਕਾਲੇ ਨਾਗਾਂ ਨੂੰ ਮਨੁੱਖ ਪਟਿਆਰੀਆਂ ਵਿਚ ਪਾਈ ਫਿਰਦਾ ਹੈ। ਸ਼ੇਰ ਖ਼ੂੰਨਖਾਰ ਹੈ ਪਿੰਜਰਿਆਂ ਵਿਚ ਬੰਦ ਕੀਤੇ ਹਨ ਮਨੁੱਖ ਨੇਂ, ਅਤੇ ਹਾਥੀ, ਘੋੜਿਆਂ, ਦੇ ਉਤੇ ਬੈਠ ਕੇ ਸਵਾਰੀ ਕਰਦਾ ਹੈ ਅਤੇ ਸੁੰਦਰ ਮਹਿਲ ਅਟਾਰੀਆਂ ਬਣਾਕੇ ਸੁੰਦਰ ਮਖਮਲੀ ਗਦੈਲਿਆਂ ਤੇ ਸੌਂਦਾ ਹੈ। ਚੰਗੇ ਪਦਾਰਥ ਖਾਂਦਾ ਹੈ, ਹੋਰ ਬਹੁਤ ਸੁਖਾਂ ਦੇ ਸਾਧਨ ਮਨੁੱਖ ਪਾਸ ਹਨ।

ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖ ਪਾਇਦਾ॥

ਅਰਥ:- ਮਨੁੱਖਾ ਜਨਮ ਵਾਲੀ ਉੱਚੀ ਪਉੜੀ ਤੇ ਚੜ੍ਹਕੇ ਜਿਹੜਾ ਪੁਰਸ਼ ਚੂਕੈ=ਚੁੱਕ ਜਾਵੇਗਾ ਭਾਵ ਨਾਮ ਜਪੱਣ ਤੋਂ ਭੁੱਲ ਜਾਵੇਗਾ, ਉਹ ਜਮਣ ਮਰਣ ਦੇ ਚੱਕਰ ਵਿਚ ਘੁੰਮਦਾ ਰਹੇਗਾ। ਕਦੇ ਨਰਕਾਂ ਵਿਚ ਕਦੇ ਥੋਹੜਾ ਬਹੁਤ ਦਾਨ ਪੁੰਨ ਕਰਕੇ ਸਵਰਗ ਲੋਕ ਚਲਾ ਗਿਆ।

ਤਥਾ:- ਇੰਦ੍ਰ ਲੋਕ ਸਿਵ ਲੋਕਹਿ ਜੈਬੋ॥ ਓਛੇ ਤਪ ਕਰਿ ਬਾਹੁਰਿ ਐਬੋ॥੧॥
ਕਿਆ ਮਾਂਗਉ ਕਿਛੁ ਥਿਰੁ ਨਾਹੀ॥ ਰਾਮ ਨਾਮ ਰਖੁ ਮਨ ਮਾਹੀ॥
ਪੰਨਾ ੬੯੨

ਅਰਥ:- ਜਦੋਂ ਕੋਈ ਪੁਰਖ ਪੁੰਨਾਂ ਦੇ ਅਤੇ ਤਪ, ਆਦਿਕ ਦੇ ਫਲ ਕਰਕੇ ਇੰਦ੍ਰ ਲੋਕ ਜਾਂ ਸ਼ਿਵ ਲੋਕ ਵਿਚ ਚਲਾ ਜਾਵੇ, ਪਰ ਨਾਮ ਤੋਂ ਬਿਨਾਂ ਓਛੇ=ਤੁਛ=ਕੱਚੇ ਤਪ ਅਤੇ ਪੁੰਨ ਦਾਨ ਦਾ ਫਲ ਮੁੱਕ ਜਾਵੇਗਾ, ਤਾਂ ਜੀਵ ਨੂੰ ਬਾਹਰ ਐਬੋ=ਸੰਸਾਰ ਵਿਚ ਸੁੱਟ ਦਿੰਦੇ ਹਨ। ਫੇਰ ਚਉਰਾਸੀਹ ਲੱਖ ਜੂਨਾਂ ਵਿਚ ਭਉਂਦਾ ਫਿਰਦਾ ਹੈ, ਬਿਆਲੀ ਲੱਖ ਜੂਨਾਂ ਜਲ ਵਿਚ ਹਨ। ਬਿਆਲੀ ਲੱਖ ਜੂਨਾਂ ਧਰਤੀ ਤੇ ਹਨ। ਕੀੜੇ, ਮਕੌੜੇ, ਸੱਪ, ਠੂਹੇਂ, ਕੁੱਤੇ, ਬਿੱਲੇ, ਗਧੇ, ਭੇਡੂ ਆਦਿਕ ਜੂਨਾਂ ਵਿੱਸ਼ਟਾ ਭੱਖਣ ਕਰਦੇ ਹਨ। ਕਬੀਰ ਜੀ ਕਹਿੰਦੇ ਹਨ: ਹੇ ਮੇਰੇ ਰਾਮ ਇਸ ਦੁਨੀਆਂ ਦੇ ਪਦਾਰਥਾਂ ਵਿਚੋਂ ਕੀ ਮੰਗਣਾ ਹੈ ਤੇਰੇ ਪਾਸੋਂ, ਕਿਉਂ ਕਿ ਸਦਾ ਰਹਿਣ ਵਾਲੀ ਜਾਂ ਦਰਗਾਹ ਵਿਚ ਜਾਣ ਵਾਲੀ ਕੋਈ ਚੀਜ਼ ਨਹੀਂ। ਇਕ ਨਾਮ ਹੀ ਨਾਲ ਜਾਇਗਾ।

॥ਸਲੋਕੁ॥ ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧੰਨਵੰਤ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀਂ ਭਗਵੰਤ॥੧॥
ਗਉੜੀ ਬਾਵਨ ਅਖਰੀ ਮ: ੫॥ ਪੰਨਾ ੨੫੩

ਅਰਥ:- ਕੋਈ ਪੁਰਖ ਅਤੀ ਸੁੰਦਰ ਹੈ, ਕੁਲੀਨ )ਉਚੀ ਕੁਲ ਵਾਲਾ ਹੈ, ਬੁੱਧੀ ਕਰਕੇ ਚਤੁਰ ਹੈ, ਮੁਖਹੁ ਗਿਆਨੀਆਂ ਵਾਲੀਆਂ ਗੱਲਾਂ ਵੀ ਕਰਦਾ ਹੈ ਭਾਵ ਗਿਆਨੀ ਹੈ, ਅਤੇ ਧਨ ਦੌਲਤ ਵੀ ਬਹੁਤ ਹੈ, ਧਨਾਢ ਹੈ। ਇਤਨੀਂ ਬਿਭੂਤੀ ਹੁੰਦੇ ਹੋਏ ਵੀ, ਅਗਰ ਉਸ ਦੇ ਹਿਰਦੇ ਵਿਚ ਭਗਵੰਤ ਦੀ ਪ੍ਰੀਤੀ ਨਹੀਂ ਹੈ। ਤਾਂ ਗੁਰੂ ਜੀ ਉਸ ਨੂੰ ਮਿਰਤਕ ਕਹਿੰਦੇ ਹਨ, ਮੁਰਦਾ ਹੈ। ਜਿੰਦਾ ਨਾ ਸਮਝੋ, ਜਿਸਨੇ ਉੱਤੇ ਲਿਖੀ ਐਸ਼ਵੱਰਜ਼ ਨੂੰ ਪਾ ਕੇ ਪ੍ਰਭੂ ਨੂੰ ਯਾਦ ਹੀ ਨਹੀਂ ਕੀਤਾ। ਉਤੇ ਪੱਕਾ ਡੇਰਾ ਹੈ, ਐਥੋਂ ਇੱਟਾਂ ਲਾਕੇ ਬਣੇਂਗਾ, ਨਾਮ ਰੂਪੀ ਇਟਾਂ ਹਨ।

ਪਉੜੀ॥ ਡਡਾ ਡੇਰਾ ਇਹੁ ਨਹੀ ਜਹ ਡੇਰਾ ਤਹ ਜਾਨੁ॥
ਉਆ ਡੇਰਾ ਕਾ ਸੰਜਮੋ ਗੁਰ ਕੈ ਸਬਦਿ ਪਛਾਨੁ॥
ਪੰਨਾ ੨੫੬

ਅਰਥ:- ਐ ਦੁਨੀਆ ਦੇ ਲੋਗੋ, ਜਿਸ ਡੇਰੇ ਨੂੰ ਤੁਸੀਂ ਬਹੁਤ ਮਿਹਨਤ ਕਰਕੇ ਬਣਾ ਰਹੇ ਹੋ। ਇਹ ਤੁਹਾਡਾ ਅੱਸਲ ਟਿਕਾਣਾ ਨਹੀਂ ਹੈ। ਤੇਰੇ ਸਦਾ ਰਹਿਣ ਲਈ ਡੇਰਾ ਸਵਰਗ ਲੋਕ ਵਿਚ ਹੈ। ਉਸ ਡੇਰੇ ਦੀ ਜੁਗਤੀ ਗੁਰੂ ਦੇ ਸ਼ਬਦਿ ਗੁਰ ਉਪਦੇਸੁ ਦੀ ਕਮਾਈ ਕਰਕੇ, ਸੁਖਾਂ ਵਿਚ ਵਸਣ ਵਾਲਾ ਡੇਰਾ ਪ੍ਰਾਪਤ ਹੋਵੇਗਾ। ਜਿੱਥੇ ਸਦਾ ਹੀ ਨਾਮ ਦੀ ਧੁਨੀ ਚਲਦੀ ਹੈ।

ਸਿੰਮ੍ਰਿਤਿ ਸਾਸਤ੍ਰ ਬਹੁਤੁ ਬਿਸਥਾਰਾ॥ ਮਾਇਆ ਮੋਹੁ ਪਸਰਿਆ ਪਾਸਾਰਾ॥
ਮੂਰਖ ਪੜਹਿ ਸਬਦੁ ਨ ਬੂਝਹਿ ਗੁਰਮੁਖਿ ਵਿਰਲੈ ਜਾਤਾ ਹੇ॥
ਪੰਨਾ ੧੦੫੩

੨੭ ਸਿਸ੍ਰਿਤੀਆਂ ੬ ਸ਼ਾਸਤਰ ੪ ਵੇਦ ੧੮ ਪੁਰਾਣ ੪ ਕਤੇਬਾਂ ਅਤੇ ਹੋਰ ਬਹੁਤ ਸਾਰੇ ਗ੍ਰੰਥਾਂ ਦਾ ਵਿਸਥਾਰ ਹੋਇਆ ਹੈ। ਇਹ ਮਾਇਆ ਦੇ ਮੋਹੁ ਦਾ ਹੀ ਪਸਾਰਾ ਪਸਰਿਆ ਹੈ। ਕਿਉਂਕੇ ਗ੍ਰੰਥਾਂ ਦਾ ਪਾਠ ਪੂਜਾ ਗਿਆਨੁ ਤਾਂ ਜ਼ਰੂਰ ਕਰਾਂਦਾ ਹੈ, ਪਾਪ ਅਤੇ ਪੁੰਨ ਦੇ ਸਬੰਧ ਵਿਚ ਲਿਖਦੇ ਹਨ। ਪਰ ਅਜੇ ਤਿਨ੍ਹਾਂ ਗੁਣਾਂ ਵਿਚ ਹੈ, ਰਜੋ, ਤਮੋ, ਸਤੋ, ਮਾਇਆ ਦੇ ਤਿਨਾਂ ਗੁਣਾਂ ਤੋਂ ਉਚਾ ਨਹੀਂ ਹੈ। ਗੁਰੂ ਜੀ ਕਹਿੰਦੇ ਹਨ: ਮੂਰਖ ਪੜ੍ਹਦੇ ਤਾਂ ਹਨ, ਪਰ ਸ਼ਬਦ ਦੁਆਰਾ ਬ੍ਰਹਮ ਨੂੰ ਨਹੀਂ ਬੁਝਦੇ, ਕਿਸੇ ਵਿਰਲੇ ਗੁਰਮੁਖਾਂ ਨੇ ਬ੍ਰਹਮ ਨੂੰ ਜਾਤਾ=ਜਾਣਿਆਂ ਹੈ।

ਤਥਾ:- ਜਿਸ ਨੋ ਭਏ ਗੋਬਿੰਦ ਦਇਆਲਾ॥ ਗੁਰਕਾ ਬਚਨੁ ਤਿਨਿ ਬਾਧਿਓ ਪਾਲਾ॥
ਕੋਟਿ ਮਧੇ ਕੋਈ ਸੰਤੁ ਦਿਖਾਇਆ॥ ਨਾਨਕ ਤਿਨ ਕੈ ਸੰਗਿ ਤਰਾਇਆ॥
ਪੰਨਾ ੧੩੪੯

ਅਰਥ:- ਜਿਸ ਉਤੇ ਪ੍ਰਭੂ ਦਿਆਲੂ ਹੁੰਦਾ ਹੈ, ਉਸਨੇ ਗੁਰੂ ਦਾ ਦਿਤਾ ਉਪਦੇਸ਼, ਬੁੱਧੀ ਵਿਚ ਬੰਨ੍ਹ ਲਿਆ ਹੈ। ਉਹੋ ਜਿਹਾ ਕ੍ਰੋੜਾਂ ਚੋਂ ਕੋਈ ਵਿਰਲਾ ਸੰਤ ਹੁੰਦਾ ਹੈ, ਉਹਨਾਂ ਸੰਤਾਂ ਦੀ ਸੰਗਤਿ ਕਰਨ ਵਾਲੇ ਸੰਸਾਰ ਸਮੁੰਦਰ ਤੋਂ ਤਰ ਜਾਂਦੇ ਹਨ। ਹੁਣ ਆਪ ਜੀ ਨੇ ਪੜ੍ਹਕੇ ਫੈਸਲਾ ਕਰਨਾ ਹੈ। ਪੰਚਮ ਗੁਰੂ ਸਾਹਿਬ ਦੇ ਬਚਨ ਹਨ, ਕੇ ਪੂਰਨ ਸੰਤ ਦੀ ਸੰਗਤ ਕਰਕੇ ਉਹਨਾਂ ਦੀ ਸੇਵਾ ਕਰਕੇ ਉਧਾਰ ਹੋ ਜਾਂਦਾ ਹੈ। ਅਤੇ ਧਰਮ, ਅਰਥ, ਕਾਮ, ਮੋਖ, ਚਾਰੇ ਪਦਾਰਥ ਸਾਧੂ, ਸੰਤ ਦੀ ਸੇਵਾ ਕਰਕੇ ਮਿਲਦੇ ਹਨ।

ਤਥਾ:- ਚਾਰਿ ਪਦਾਰਥ ਜੇ ਕੋ ਮਾਗੈ॥ ਸਾਧ ਜਨਾ ਕੀ ਸੇਵਾ ਲਾਗੈ॥
ਜੇ ਕੋ ਆਪੁਨਾ ਦੂਖੁ ਮਿਟਾਵੈ॥ ਹਰਿ ਹਰਿ ਨਾਮੁ ਰਿਦੈ ਸਦ ਗਾਵੈ॥ ਪੰਨਾ ੨੬੬

ਅਰਥ:- ਜਿਸਨੂੰ ਚਾਰ ਪਦਾਰਥਾਂ ਦਾ ਸੁਖ ਲੈਣ ਦੀ ਇੱਛਾ ਹੈ, ਉਹ ਨਾਮੁ ਦੇ ਰਸੀਏ ਸੰਤਾਂ ਦੀ ਸੇਵਾ ਵਿਚ ਲਗ ਜਾਵੇ। ਸਾਧੂ ਨਾਮ ਜਪ ਕੇ ਪ੍ਰਭੂ ਦੇ ਵਿਚ ਅਭੇਦ ਹੋਏ ਹੁੰਦੇ ਹਨ। ਜੇ ਕੋਈ ਆਪਣੇ ਦੁਖਾਂ ਨੂੰ ਮਿਟਾਉਣਾਂ ਚਾਉਂਦਾ ਹੈ, ਉਹ ਸਦਾ ਹੀ ਹਰੀ ਦੇ ਨਾਮ ਨੂੰ ਸਵਾਸ ਸਵਾਸ ਜਪੇ।

(ਸਾਖੀ ਸਤੀ ਹੋਣ ਵਾਲੀ ਇਸਤ੍ਰੀ ਅਤੇ ਨਾਮ ਦੇਵ ਜੀ)

ਪਿੰਡ ਟੋਟਰ ਪੁਰ ਵਿਚ ਇਕ ਬ੍ਰਹਮਣ ਦੀ ਮੌਤ ਹੋ ਗਈ ਤਾਂ ਉਸ ਦੀ ਘਰਵਾਲੀ ਨੇ ਉਸ ਦੇ ਨਾਲ ਸਤੀ ਹੋਣਾ ਸੀ ਜਿਸ ਵੇਲੇ ਉਸ ਇਸਤ੍ਰੀ ਨੂੰ ਇਕ ਦੁਲਹਨ ਦੀ ਤਰ੍ਹਾਂ ਸ਼ੰਗਾਰ ਕੇ ਸੁੰਦਰ ਵਸਤ੍ਰ ਪਹਿਨਾਕੇ ਮੜੀਆਂ ਵਿਚ ਲਿਜਾ ਰਹੇ ਸਨ, ਜਿਥੇ ਉਸਦੇ ਪਤੀ ਨੂੰ ਅਤੇ ਉਸ ਜ਼ਿੰਦਾ ਵਿਦਵਾ ਇਸਤ੍ਰੀ ਨੂੰ ਅਗਨ ਭੇਂਟ ਕਰਨਾ ਸੀ। ਉਸੇ ਰਸਤੇ ਦੇ ਨਜ਼ਦੀਕ ਨਾਮ ਦੇਵ ਜੀ ਸਮਾਦਿੱਸ਼ਟ ਹੋ ਕੇ ਪ੍ਰਮੇਸਰ ਦੇ ਧਿਆਨ ਵਿਚ ਬੈਠੇ ਸਨ। ਤਾਂ ਉਸ ਸਤੀ ਹੋਣ ਵਾਲੀ ਬ੍ਰਹਮਣੀ ਨੇ ਸੋਚਿਆ ਕੇ ਮੈਂ ਅੱਜ ਸੰਸਾਰ ਤੋਂ ਸਦਾ ਲਈ ਜਾ ਰਹੀ ਹਾਂ, ਪਰਮਾਤਮਾ ਦੇ ਪਿਆਰੇ ਭਗਤ ਨਾਮ ਦੇਵ ਜੀ ਦੇ ਦਰਸ਼ਨ ਕਰ ਆਵਾਂ। ਪ੍ਰਵਾਰ ਨੂੰ ਕਹਿ ਕੇ ਦਰਸ਼ਨ ਕਰਨ ਜਾਂਦੀ ਹੈ, ਨਾਮ ਦੇਵ ਜੀ ਸਮਾਧੀ ਵਿਚ ਲੀਨ ਸਨ। ਸਤੀ ਹੋਣ ਵਾਲੀ ਬ੍ਰਹਮਣੀ ਸ਼ਰਧਾ ਸਹਿਤ ਸਾਮਣੇ ਬੈਠ ਗਈ। ਜਿਸ ਵੇਲੇ ਸਮਾਧੀ ਖੁਲੀ ਤਾਂ ਸੱਜੀ ਹੋਈ ਬ੍ਰਾਹਮਣੀ ਮੀਢੀਆਂ ਵਿਚ ਸੰਧੂਰ ਆਦਿਕ ਪਾਇਆ ਹੋਇਆ ਨਜ਼ਰ ਆਈ, ਨਾਮ ਦੇਵ ਜੀ ਕਿਹਾ ਆਓ ਸੁਹਾਗਵਤੀ ਕੈਸੇ ਆਇ, ਸਤੀ ਹੋਣ ਵਾਲੀ ਇਸਤ੍ਰੀ ਨੇ ਕਿਹਾ ਆਪ ਜੀ ਦਾ ਬਚਨ ਸਫਲਾ ਹੋਵੇ। ਅਤੇ ਆਪ ਦੀ ਪੂਰੀ ਕਹਾਣੀ ਸੁਣਾਈ, ਕੇ ਮੈਂ ਆਪਣੇਂ ਪਤੀ ਦੇਵ ਨਾਲ ਸਤੀ ਹੋਣ ਲਈ ਆਈ ਹਾਂ। ਆਪ ਜੀ ਪ੍ਰਭੂ ਦੇ ਪਿਆਰੇ ਭਗਤ ਹੋ, ਆਪ ਜੀ ਨੇ ਮੈਨੂੰ ਸੁਹਾਗਵਤੀ ਕਿਹਾ ਹੈ। ਮੇਰਾ ਪਤੀ ਤੁਹਾਡੇ ਸਾਹਮਣੇ ਸ਼ਮਸ਼ਾਨ ਭੂਮਿਕਾ ਵਿਚ ਪਿਆ ਹੈ। ਕ੍ਰਿਪਾ ਕਰਕੇ ਭਗਤ ਜੀ ਮੇਰੇ ਪਤੀ ਦੇਵ ਜੀ ਨੂੰ ਜ਼ਿੰਦਾ ਕਰਕੇ, ਮੈਨੂੰ ਸੁਹਾਵਤੀ ਬਣਾਓ, ਆਪਣਾ ਬਚਨ ਪੂਰਾ ਕਰੋ। ਆਪ ਭਗਵਾਨ ਕੇ ਪਿਆਰੇ ਹੋ। ਨਾਮ ਦੇਵ ਜੀ ਦੇ ਮਨ ਵਿਚ ਦਯਾ ਆਈ, ਮੜੀਆਂ ਵਿਚ ਆ ਗਏ। ਮਰੇ ਹੋਏ ਬ੍ਰਾਮਣ ਦੇ ਕੰਨ ਵਿਚ ਰਾਮ ਸ਼ਬਦ ਬੋਲੇ, ਮਿਰਤੂ ਹੋਇਆ ਬ੍ਰਾਹਮਣ ਰਾਮ ਰਾਮ ਕਰਦਾ ਉਠ ਕੇ ਬੈਠ ਗਿਆ। ਸਤੀ ਹੋਣ ਵਾਲੀ ਸੁਹਾਗਵਤੀ ਹੋ ਗਈ। ਨਾਮ ਦੇਵ ਜੀ ਦਾ ਕੋਟਾਨ ਕੋਟਾਨ ਧੰਨਵਾਦ ਕੀਤਾ।

ਸੋਈ ਸੰਤੁ ਜਿ ਭਾਵੈ ਰਾਮ॥ ਸੰਤ ਗੋਬਿੰਦ ਕੈ ਏਕੈ ਕਾਮ॥੧॥ ਰਹਾਉ॥
ਗੋਂਡ ਮਹਲਾ ੫॥ ਪੰਨਾ ੮੬੭

ਅਰਥ:- ਸੰਤ ਅਸਲੀ ਓਹੀ ਹੈ ਜਿਹੜਾ ਰਾਮ ਨੂੰ ਭਾਵੈ=ਭਾਹੁੰਦਾ ਹੈ। ਭਾਵ=ਰਾਮ ਨੂੰ ਪ੍ਰਵਾਨ ਹੋਇਆ ਸੰਤ, ਸੰਤਾਂ ਦਾ ਅਤੇ ਗੋਬਿੰਦ ਦਾ ਇਕੋ ਕੰਮ ਹੈ, ਰਾਮ ਸ੍ਰਿਸ਼ਟੀ ਦੀ ਉਤਪਤੀ ਅਤੇ ਪਾਲਨ ਪੋਸ਼ਨ ਕਰਦਾ ਹੈ। ਸੰਤ ਸ਼ੁਭ ਗੁਣਾਂ ਨਾਲ ਜੋੜਕੇ ਪ੍ਰਭੂ ਦਾ ਨਾਮ ਜਪਾਂਦੇ ਹਨ।

ਨੋਟ:- ਬਹੁਤ ਸਾਰੇ ਵੱਡੀ ਗਿਣਤੀ ਵਿਚ ਸਾਧੂਆਂ ਦੇ ਬਾਣੇ ਵਿਚ ਜਾਂ ਸਿੱਖਾਂ ਦੇ ਬਾਣੇ ਵਿਚ ਨਿਰੇ ਪਹਿਰਾਵੇ ਦੇ ਸੰਤ ਜਾਂ ਗੁਰੂ ਕੇ ਸਿੱਖ ਕਹਾਂਦੇ ਹਨ। ਸਾਰੇ ਸੰਤ ਵੀ ਪ੍ਰਭੂ ਵਿਚ ਅਭੇਦ ਨਹੀਂ ਹੋਇ ਹੁੰਦੇ ਅਤੇ ਨਾ ਹੀ ਸਾਰੇ ਗੁਰਸਿੱਖੀ ਲਵਾਸ ਵਾਲੇ ਪ੍ਰਭੂ ਨੂੰ ਮਿਲੇ ਹੋਏ ਹੁੰਦੇ ਹਨ। ਕਰੋੜਾਂ ਚੋਂ ਇਕ ਦੱਸਿਆ ਹੈ, ਗੁਰੂ ਸਾਹਿਬ ਜੀ ਨੇਂ ਮਿਲਿਆ ਹੋਇਆ। ਪਾਖੰਡੀ ਲੋਕ ਜੇ ਸੰਤਾਂ, ਸਾਧੂਆਂ ਵਿਚ ਹਨ, ਤਾਂ ਸਾਡੇ ਗੁਰਸਿਖੀ ਲਵਾਸ ਵਿਚ ਵੀ ਬਹੁਤ ਪਖੰਡੀ ਹਨ। ਫਰਜ਼ੀ ਅਨੰਦ ਕਾਰਜਾਂ ਨੂੰ ਪੜ੍ਹਨ ਵਾਲੇ ਗ੍ਰੰਥੀ ਸਾਹਿਬਾਨ ਵੀ ਹਨ, ਪੰਜਾਂ ਕਕਾਰਾਂ ਦੇ ਧਾਰਨੀਂ ਹਨ। ਇਸ ਤੋਂ ਵੱਡਾ ਪਾਖੰਡੀ ਹੋਰ ਕੌਣ ਹੋਵੇਗਾ। ਜੋ ਇਹ ਪਾਪ ਕਰਮ ਕਰੇਗਾ, ਪਰ ਸਾਰੇ ਨਹੀਂ। ਗ੍ਰੰਥੀ=ਦੇ ਅਰਥ=ਜਾਂ ਫਰਜ਼ ਹਨ, ਕੇ ਉਹ ਗ੍ਰੰਥ ਨੂੰ ਪੜ੍ਹਕੇ ਉਸ ਦੀ ਵਿਆਖਿਆ ਕਰਕੇ ਸੰਗਤਾਂ ਨੂੰ ਗੁਰੂ ਕੇ ਹੁਕਮਾਂ ਤੋਂ ਜਾਣੂ ਕਰਾਵੇ। ਪਾਪ ਕਰਮ ਅਤੇ ਪੁੰਨੁ ਕਰਮ ਦੀ ਵਿਆਖਿਆ ਕਰੇ। ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਨੂੰ ਜਾਣਕੇ ਭਾਈ ਲਹਿਣਾ ਜੀ ਵਾਂਗ ਸਤ ਸਤ ਕਰਕੇ ਮੰਨੇਂ। ਪਰ ਬਦਕਿਸਮਤੀ ਸਾਡੀ ਇਹ ਹੈ ਜ਼ਿਆਦਾ ਤਰ ਗੁਰਦਵਾਰਿਆਂ ਵਿਚ ਕਥਾ ਵਾਚਕ ਗ੍ਰੰਥੀ ਰੱਖੇ ਹੀ ਨਹੀਂ ਜਾਂਦੇ, ਸਿਰਫ ਨਿਤ ਨੇਮ ਅਤੇ ਅਰਦਾਸ ਕਰਨ ਵਾਲੇ ਹੀ ਹੁੰਦੇ ਹਨ। ਅਸਲ ਗ੍ਰੰਥੀ ਉਹੀ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਗੁਰਬਾਣੀ ਦੀ ਲੜੀ ਵਾਰ ਕਥਾ ਕਰ ਸਕੇ। ਉਸ ਦਾ ਨਾਮ ਗ੍ਰੰਥੀ ਹੈ। ਜਿਹੜੇ ਵਿਦਵਾਨ ਬਾਹਰੋਂ ਕਥਾ ਕਰਨ ਆਉਂਦੇ ਹਨ, ਦਾਸ ਕਈ ਵਾਰ ਉਹਨਾਂ ਨੂੰ ਮਿਲਿਆ ਹੈ। ਅਤੇ ਉਹਨਾਂ ਨੂੰ ਆਪਣੀ ਲਿਖੀ ਪੁਸਤਕ (ਨਾਮ ਕੀ ਮਹਿਮਾ) ਦੇਂਦਾ ਹਾਂ ਅਤੇ ਆਪਣੇ ਲਿਖੇ ਆਰਟੀਕਲ ਦਖਾਂਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਤੁਸੀਂ ਇਹਨਾਂ ਸ਼ਬਦਾਂ ਦੀ ਕਥਾ ਕਿਉਂ ਨਹੀਂ ਕਰਦੇ, ਤਾਂ ਉਹਨਾਂ ਦਾ ਇਕੋ ਜਵਾਬ ਹੁੰਦਾ ਹੈ, ਕਿ ਅਸੀਂ ਸੁਤੰਤਰ ਨਹੀਂ ਹਾਂ। ਫੇਰ ਦਾਸ ਨੇ ਬੇਨਤੀ ਕੀਤੀ ਤੁਹਾਡੇ ਸਾਮਣੇ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰਾਦਰ ਹੁੰਦਾ ਹੈ। ਪਾਰਲੀਮੈਂਟ ਤੱਕ ਗੂੰਜਾ ਪਾ ਦਿਤੀਆਂ=ਟੋਰੰਟੋ ਸਟਾਰ ਨੇ=ਜੇ ਇਹਨਾਂ ਦਾ, ਝੂਠੀਆਂ ਅਰਦਾਸਾਂ ਕਰਕੇ ਨਰਾਦਰ ਹੀ ਕਰਨਾ ਹੈ ਤਾਂ ਇਹਨਾਂ ਨੂੰ ਪੂਜਣ ਦਾ ਕੀ ਫਾਇਦਾ। ਕਥਾ ਵਾਚਕ ਵਿਦਵਾਨ ਸਾਹਿਬਾਨ ਨੇ ਆਪਣੇ ਉਤੇ ਪਰਮਾਣ ਦੇ ਕੇ ਕਿਹਾ "ਮੈਨੂੰ ਕੋਈ ਪੁਛਦਾ ਨਹੀਂ (ਉਸਦਾ ਇਸ਼ਾਰਾ ਪ੍ਰਬੰਧਕਾਂ ਵਲ ਹੈ) ਇਹਦੇ ਨਾਲ ਬੰਦੇ ਆਉਂਦੇ ਹਨ"। ਉਹਨਾਂ ਦੀ ਗੱਲ ਸੁਣਕੇ ਮੇਰੇ ਮਨ ਨੂੰ ਬਹੁਤ ਠੇਸ ਪਹੁੰਚੀ, ਜਦੋਂ ਉਹਨਾਂ ਕਿਹਾ ਬੰਦੇ ਕੱਠੇ ਕਰਨ ਲਈ ਗੁਰੂ ਗ੍ਰੰਥ ਦੀ ਪੂਜਾ ਸੇਵਾ ਹੋ ਰਹੀ ਹੈ। ਅਫਸੋਸ ਅਤੇ ਚਿੰਤਾ ਵਾਲੀ ਇਹ ਗਲ ਹੈ ਕੇ ਉਸ ਵਿਦਵਾਨ ਕਥਾ ਵਾਚਕ ਦੀਆਂ ਅਖਬਾਰਾਂ ਵਿਚ ਫੋਟੋਆਂ ਲਾ ਕੇ ਐਡਾਂ ਲਗਦੀਆਂ ਹਨ, ਕੇ ਪੰਥ ਦੇ ਸ਼੍ਰੋਮਣੀ ਕਥਾ ਵਾਚਕ ਆਏ ਹੋਏ ਹਨ। ਜਿੰਨਾਂ ਦੀ ਗੁਰੂ ਗ੍ਰੰਥ ਸਾਹਿਬ ਤੇ ਸ਼ਰਧਾ ਹੀ ਨਹੀਂ।

ਕੂੜੀ ਰਾਸਿ ਕੂੜਾ ਵਾਪਾਰੁ॥ ਕੂੜੁ ਬੋਲਿ ਕਰਹਿ ਆਹਾਰੁ॥
ਸਰਮ ਧਰਮ ਕਾ ਡੇਰਾ ਦੂਰਿ॥ ਨਾਨਕ ਕੂੜੁ ਰਹਿਆ ਭਰਪੂਰਿ॥
ਪੰਨਾ ੪੭੧

ਭਾਵ:- ਸ਼ਰਧਾ ਤੋਂ ਬਗੈਰ ਰਾਸ=ਪੂੰਜੀ ਝੂਠੀ ਹੈ, ਵਪਾਰ ਵੀ ਝੂਠਾ ਹੈ। ਝੂਠ ਬੋਲਕੇ ਅਹਾਰ=ਭੋਜਨ ਖਾਂਦੇ ਹਨ, ਕਲਜੁਗੀ ਜੀਵ।

(ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ)
ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ॥

ਅੰਮ੍ਰਿਤ ਕੇ ਦਾਤੇ ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ। ਦਾਸ ਕੀਟ ਵੱਲੋਂ ਆਪ ਜੀ ਦੇ ਚਰਨਾ ਤੇ ਕੋਟਾਨ ਕੋਟ ਨਮਸ਼ਕਾਰ ਪ੍ਰਵਾਨ ਹੋਵੇ ਜੀ। ਦਾਸ ਕੀਟ ਨੂੰ ਆਪ ਜੀ ਵੱਲੋਂ ਰਚਿਆ ਕੌਤਕ 1699 ਦੀ ਵੈਸਾਖੀ ਤੇ ਖਾਲਸਾ ਪੰਥ ਦੀ ਸਿਰਜਨਾ ਕਰਨ ਦਾ ਇਤਹਾਸ ਲਿਖਣ ਲਈ ਸ਼ਰੇਸਟ ਬੁਧੀ ਬਖਸ਼ੋ ਜੀ।

ਪੰਜਾ ਪਿਆਰੇ

1. ਦਯਾ ਰਾਮ ਖਤ੍ਰੀ 2. ਧਰਮ ਦਾਸ ਜਾਟ 3. ਮੁਹਕਮ ਚੰਦ ਜਾਤ ਛੀਬਾ 4. ਸਾਹਿਬ ਚੰਦ ਨਾਈ 5. ਹਿੰਮਤ ਮੱਲ ਜੀ ਝਿਊਰ ਜਾਤੀ ਨਾਲ ਸਬੰਧ ਰਖਦੇ ਸਨ।

ਏਹਨਾ ਪੰਜਾ ਨੇ ਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਸ਼ੀਸ ਅਰਪਨ ਕੀਤੇ। ਗੁਰੂ ਜੀ ਨੇ ਇਕ ਇਕ ਨੂੰ ਤੰਬੂ ਵਿਚ ਲਿਜਾ ਕੇ ਤੇਜ ਧਾਰ ਤਲਵਾਰ ਨਾਲ ਸ਼ੀਸ ਧੜ ਨਾਲੋਂ ਅਲਹਦਾ ਕਰ ਦਿੱਤੇ, ਫੇਰ ਪੰਜਾਂ ਨੂੰ ਜਿਊਂਦੇ ਕੀਤਾ। ਚਿੱਟੇ ਪੁਸ਼ਾਕੇ ਪਾਕੇ ਸਜੇ ਦੀਵਾਨ ਵਿਚ ਲੈ ਕੇ ਆਏ। ਪਵਿਤ੍ਰ ਕਰ ਕਮਲਾਂ ਨਾਲ ਖੰਡੇ ਬਾਟੇ ਦੁਆਰਾ ਅੰਮ੍ਰਿਤ ਤਿਆਰ ਕੀਤਾ। ਪੰਜਾਂ ਸਿੱਖਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ। ਪੰਜਾਂ ਨੇ ਸਿਰ ਦੇ ਕੇ ਸਿੱਖੀ ਲਈ, ਗੁਰੂ ਸਾਹਿਬ ਨੇ ਪੰਜ ਪਿਆਰਿਆਂ ਦਾ ਖਤਾਬ ਬੱਖਸ਼ਿਆ, ਇਹ ਖਤਾਬ ਰਹਿੰਦੀ ਦੁਨੀਆਂ ਤੱਕ ਰਹੇਗਾ ਅਤੇ ਪੰਜਾਂ ਪਿਆਰਿਆਂ ਤੋਂ ਆਪ ਅੰਮ੍ਰਿਤ ਛਕਿਆ ਅਤੇ ਪੰਜਾਂ ਦੇ ਨਾਮ ਨਾਲ ਲੱਗੇ ਜਾਤ ਗੋਤ, ਦਯਾ ਰਾਮ, ਧਰਮ ਦਾਸ, ਚੰਦ, ਮੱਲ, ਆਦਿਕ ਗੋਤ ਹਟਾ ਦਿੱਤੇ। ਪੰਜਾਂ ਦੇ ਨਾਮ ਨਾਲ ਸਿੰਘ ਸ਼ਬਦ ਦਿੱਤਾ ਅਤੇ ਭਾਈ ਸਾਹਿਬ ਦਾ ਖਤਾਬ ਬਖ਼ਸ਼ਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਹਿਲਾ ਨਾਮ ਸੋਢੀ ਬੰਸ ਦੇ ਮੁਤਾਬਿਕ=ਗੋਬਿੰਦ ਰਾਏ ਸੀ, ਆਪਣੇ ਨਾਮ ਦੇ ਨਾਲੋਂ ਰਾਏ ਸ਼ਬਦ ਹਟਾਕੇ ਸਿੰਘ ਲਾਇਆ। ਉਸ ਦਿਨ ਤੋਂ ਗੋਬਿੰਦ ਸਿੰਘ ਨਾਮ ਪ੍ਰਚਲਤ ਹੋਇਆ। ਪਰ ਅੱਜ ਅਸੀਂ ਦਿਹਾੜੇ ਗੁਰਪੁਰਬ ਤਾਂ ਮਨਾਂਦੇ ਹਾਂ, ਮਾਨ ਮਹਿਸੂਸ ਵੀ ਕਰਦੇ ਹਾਂ ਕੇ ਅਸੀਂ ਇਹ ਕੀਤਾ ਅਸੀਂ ਵੋਹ ਕੀਤਾ ਗੁਰਪੁਰਬ ਦੇ ਸਮੇਂ ਤੇ ਝੰਡੇ ਗੱਡ ਦਿੱਤੇ ਇੰਟਰ ਨੈਸ਼ਨਲ ਸਤਾ ਤੇ, ਪਰ ਹੁਕਮ ਨਹੀਂ ਮੰਨਦੇ। ਬਹੁਤ ਸਾਰੇ ਸਿੰਘਾਂ ਦੇ ਨਾਮ ਨਾਲ ਗੋਤ ਲੱਗੇ ਹਨ, ਗੁਰੂ ਜੀ ਨੇ ਕਿਹਾ ਸੀ ਅੱਜ ਤੋਂ ਤੁਹਾਡੀ ਪਹਿਲੀ ਜਾਤ ਬਦਲ ਗਈ ਹੈ, ਤੁਸੀਂ ਅੱਜ ਤੋਂ ਛੜ੍ਹੀ ਹੋ, ਸਿੰਘ ਸ਼ਬਦ ਲਾਉਣਾ ਹੈ ਨਾਮ ਦੇ ਪਿਛੇ, ਕਿਉਂਕਿ ਛੜ੍ਹੀ ਗੁਰੂ ਦੇ ਚੇਲੇ ਛੜ੍ਹੀ ਹੋ ਗਏ। ਮਸ਼ਾਲ ਦੇ ਤੌਰ ਤੇ ਬੰਦੇ ਬਹਾਦਰ ਦਾ ਨਾਮ ਮਾਤਾ ਪਿਤਾ ਨੇ ਲਛਮਣ ਦਾਸ ਰਖਿਆ ਦੀ। ਵੈਸਨਵ ਸਾਧੂ ਦਾ ਚੇਲਾ ਬਣ ਕੇ ਨਾਮ=ਮਾਧੋ ਦਾਸ ਹੋਇਆ, ਗੁਰੂ ਜੀ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਆਪਣਾ ਚੇਲਾ ਬਣਾ ਲਿਆ, ਨਾਮ ਬੰਦਾ ਸਿੰਘ ਹੋਇਆ, ਦੋ ਦਫਾ ਨਾਮ ਬਦਲ ਗਿਆ। ਇਤਿਹਾਸ ਪੜ੍ਹੋਂ ਆਪਣਾ, ਪਹਿਲੇ ਸਿੰਘਾਂ ਦੇ ਨਾਮ, ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਜੀ, ਭਾਈ ਫੂਲਾ ਸਿੰਘ ਜੀ, ਮਹਾਰ-ਾਜਾ ਰਣਜੀਤ ਸਿੰਘ ਜੀ ਆਦਿਕ। ਸੰਤ ਲੌਂਗੋਵਾਲ, ਗਰਚਰਨ ਸਿੰਘ ਟੌਹੜਾ, ਪ੍ਰਕਾਸ਼ ਸਿੰਘ ਬਾਦਲ, ਮੋਹਨ ਸਿੰਘ ਤੁੜ ਆਦਿਕ ਆਮ ਵਾਕਫੀ ਲਈ ਪਿੰਡਾਂ ਦੇ ਨਾਮ ਰਖੇ ਹਨ। ਗੋਤ ਦੇ ਨਾਮ ਤੇ ਹੰਕਾਰ ਵੀ ਹੋ ਜਾਂਦਾ ਹੈ। ਕੇ ਮੇਰਾ ਗੋਤ ਉਚਾ ਹੈ ਦੂਸਰੇ ਦਾ ਗੋਤ ਨੀਵਾਂ ਹੈ। ਦੂਸਰਾ ਜਾਤੀਵਾਦ ਜਿਓਂ ਦਾ ਤਿਓਂ ਹੈ, ਜੋ ਗੁਰੂ ਨੇ ਅੰਮ੍ਰਿਤ ਛਕਾ ਕੇ ਗੁਰੂ ਭਾਈ ਬਣਾਇਆ ਸੀ। ਏਥੇ ਅਸੀਂ ਇਹ ਦਿਹਾੜੇ ਮਨਾਕੇ ਗੁਰੂ ਜੀ ਨੂੰ ਵੀ ਵੰਗਾਰਦੇ ਹਾਂ ਕੇ ਤੂੰ ਜਿਨਾ ਮਰਜੀ ਬੋਲੀ ਚੱਲ ਅਸੀਂ ਆਪਣੀ ਉਚੇ ਗੋਤ ਵਾਲੀ ਹੈਂਗੜ ਰਖਣੀ ਹੈ। ਖਾਲਸਾ ਜੀ ਉਹ ਮਰਜ਼ਾਦਾ ਤੁਸੀਂ ਕਿਵੇਂ ਭੁੱਲ ਗਏ ਜਦੋਂ ਅੰਮ੍ਰਿਤ ਛਕਿਆ ਸੀ, ਬਾਕੀ ਰਹਿੰਦਾ ਅੰਮ੍ਰਿਤ ਸਾਰੇ ਮਾਈ ਭਾਈ ਅੰਮ੍ਰਿਤ ਛਕਣ ਵਾਲਿਆਂ ਨੂੰ, ਇਕ ਲਾਈਨ ਵਿਚ ਖੜੇ ਕਰਕੇ ਬਾਟੇ ਨੂੰ ਮੂੰਹ ਲਾ ਕੇ, ਇਕ ਇਕ ਘੁੱਟ ਪਿਆਈ ਜਾਂਦੀ ਹੈ ਸਾਰਿਆਂ ਨੂੰ। 16 ਮਈ 1978 ਨੂੰ ਦਾਸ ਨੇ ਅਕਾਲ ਤਖ਼ਤ ਸਾਹਿਬ ਤੇ ਅੰਮ੍ਰਿਤ ਛਕਿਆ ਸੀ। ਬਾਦ ਵਿਚ ਪਰਾਂਤ ਵਿਚ ਕੜਾਹ ਪ੍ਰਸ਼ਾਦ ਛਕਾਇਆ ਸੀ, ਇਕ ਪਰਾਂਤ ਤੇ ਪੰਜ ਛੇ ਭਾਈ ਛਕਦੇ ਸੀ। ਏਸੇ ਤਰ੍ਹਾਂ ਪੰਜ ਪੰਜ ਜਾਂ ਛੇ ਬੀਬੀਆਂ ਅਲਹਿਦਾ ਪਰਾਤਾਂ ਵਿਚ ਗੋਤ ਕਨਾਲਾ ਕਰਕੇ ਛਕਿਆ ਸੀ। ਕੀ ਅਸੀਂ ਗੁਰਪੁਰਬ ਮਨਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰ ਲਵਾਂਗੇ, ਹੁਕਮਾਂ ਦੀ ਉਲੰਘਣਾ ਕਰਕੇ, ਆਪਾਂ ਗੁਰੂ ਗ੍ਰੰਥ ਸਾਹਿਬ ਦਾ ਫੈਸਲਾ ਸੁਣੀਏ।

ਸੋ ਸਿਖੁ ਸਖਾ ਬੰਧਪੁ ਹੈ ਭਾਈ ਜੇ ਗੁਰ ਕੇ ਭਾਣੇ ਵਿਚਿ ਆਵੈ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥
ਪੰਨਾ ੬੦੧

ਅਰਥ:- ਜਿਹੜਾ ਗੁਰੂ ਦੇ ਭਾਣੇ ਹੁਕਮ ਨੂੰ ਮੰਨਦਾ ਹੈ, ਉਹ ਸਿੱਖ ਹੈ ਓਹੀ ਮਿਤਰ ਜਾਂ ਸਾਡਾ ਸਬੰਧੀ ਹੈ। ਜਿਹੜਾ ਪੁਰਸ਼ ਆਪਣੀ ਮਰਜ਼ੀ ਕਰਦਾ ਹੈ ਉਹ ਵਿੱਛੜ ਕੇ ਜਮਾਂ ਦੀਆਂ ਚੋਟਾਂ ਖਾਂਦਾ ਹੈ।

ਨੰ:2 ਅੰਮ੍ਰਿਤਧਾਰੀ ਸਿੱਖ ਸਭ ਗੁਰੂ ਭਾਈ ਹੁੰਦੇ ਹਨ। ਡੇਰਿਆਂ ਵਾਲੇ ਅੰਮ੍ਰਿਤ ਧਾਰੀ ਸੰਤਾਂ ਤਾਂਈਂ ਡੇਰਾਵਾਦ ਸੰਤਵਾਦ ਦਾ ਕੂੜਾ ਪਰਚਾਰ ਜ਼ੋਰਾਂ ਤੇ ਹੈ। ਹਾਲਾਂ ਕੇ ਸੰਤਾਂ ਦੀ ਮਹਿਮਾਂ ਦੇ ਗੁਰੂ ਗ੍ਰੰਥ ਸਾਹਿਬ ਅੰਦਰ ਬੇਅੰਤ ਸ਼ਬਦ ਮਿਲਦੇ ਹਨ, ਅੰਮ੍ਰਿਤਧਾਰੀ ਸਿੱਖ ਆਪਸ ਵਿਚ ਧੜੇ ਬੰਦੀਆਂ ਬਣਾ ਕੇ ਖੇਰੂੰ ਖੇਰੂੰ ਕਰ ਰਹੇ ਹਨ। ਹੈਰਾਨੀ ਉਦੋਂ ਹੁੰਦੀ ਹੈ, ਜਿਸ ਵੇਲੇ ਕਦੇ ਸਵਰਗ ਵਾਸੀ ਸੰਤਾਂ ਦੀ ਯਾਦ ਵਿਚ ਅਖੰਡ ਪਾਠ ਕਰਾਏ ਜਾਂਦੇ ਹਨ, ਤਾਂ ਭੋਗ ਦੇ ਸਮੇਂ ਉਹ ਹੀ ਵਿਦਵਾਨ ਕਥਾ ਵਾਚਕ, ਰਾਗੀ ਢਾਡੀ, ਸੰਤ ਮਹਾਂ ਪੁਰਸ਼ਾਂ ਨੂੰ ਬ੍ਰਹਮ ਗਿਆਨੀ, ਕਾਰਕ ਪੁਰਸ਼, ਰੱਬ ਦਾ ਰੂਪ, ਅਦਿਕ ਮਿੱਠੇ ਸ਼ਬਦਾਂ ਦੁਅਰਾ ਸੰਤਾਂ ਦਾ ਸਤਿਕਾਰ ਕਰਦੇ ਹਨ। ਕਿਉਂਕਿ ਸੰਤਾਂ ਦੀ ਸੰਗਤ ਸ਼ਰਧਾ ਵਾਨ ਹੁੰਦੀ ਹੈ। ਸੰਤਾਂ ਦੀ ਯਾਦ ਵਿਚ ਡਾਲਰਾਂ ਦਾ ਮੀਂਹ ਵਰਸ਼ਾ ਦਿੰਦੀ ਹੈ। ਦਾਸ ਵੱਲੋਂ ਵਿਦਵਾਨਾਂ ਤਾਂਈ ਬੇਨਤੀ ਹੈ ਕੇ ਆਪ ਸਟੇਜਾਂ ਤੇ ਬੈਠ ਕੇ ਜਾ ਅਰਟੀਕਲਾਂ ਰਾਹੀ, ਗੁਰੂ ਦੇ ਪਿਆਰੇ ਸਪੁਤ੍ਰ ਖਾਲਸੇ ਨੂੰ ਤੋੜਨ ਦੀ ਵਜਾਏ ਜੋੜਿਆ ਕਰੋ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਿਆ ਕਰੋ।

ਸੂਹੀ ਮਹਲਾ ੫॥ ਅੰਮ੍ਰਿਤ ਬਚਨ ਸਾਧ ਕੀ ਬਾਣੀ॥
ਜੋ ਜੋ ਜਪੈ ਤਿਸ ਕੀ ਗਤਿ ਹੋਵੈ ਹਰਿ ਹਰਿ ਨਾਮੁ ਨਿਤ ਰਸਨ ਬਖਾਨੀ॥
ਪੰਨਾ ੭੪੪

ਅਰਥ:- ਸੰਤਾਂ ਦੇ ਮੂੰਹ ਚੋਂ ਨਿਕਲੀ ਬਾਣੀ, ਅੰਮ੍ਰਿਤ ਜੈਸੇ ਮਿੱਠੇ ਬਚਨ ਹਨ, ਜੋ ਪੁਰਸ਼ ਉਸ ਬਾਣੀ ਨੂੰ ਜਪਦਾ ਹੈ। ਉਸ ਪੁਰਸ਼ ਦੀ ਮੁਕਤੀ ਹੁੰਦੀ ਹੈ। ਇਸ ਕਰਕੇ ਹਰਿ ਹਰਿ ਨਾਮ ਨੂੰ ਹਰ ਰੋਜ ਜਪਣਾ ਕਰੋ।

ਤਥਾ:- ਅਵਰਿ ਕਰਮ ਸਭਿ ਲੋਕਾਚਾਰ॥ ਮਿਲਿ ਸਾਧੂ ਸੰਗਿ ਹੋਇ ਉਧਾਰ॥੨॥
ਪੰਨਾ ੮੦੪

ਅਰਥ:- ਹੋਰ ਸਾਰੇ ਕਰਮ ਲੋਕ ਦਿਖਾਵੇ ਦੀ ਭਗਤੀ ਹੈ। ਪੂਰਨ ਸਾਧੂ ਦੇ ਨਾਲ ਮਿਲ ਕੇ ਨਾਮ ਜਪ ਕੇ ਉਧਾਰ ਹੋਵੇਗਾ, ਸਾਧੂ ਉਹੀ ਹੈ ਜੋ ਆਪ ਨਾਮ ਜਪਦਾ ਹੈ, ਦੂਸਰਿਆਂ ਨੂੰ ਜਪਾਉਂਦਾ ਹੈ। ਜਿਸ ਦੇ ਹਿਰਦੇ ਵਿਚ ਨਾਮ ਹੋਵੇ ਉਹੋ ਦੂਸਰਿਆਂ ਨੂੰ ਤਾਰ ਸਕਦਾ ਹੈ।

ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ॥ ਨਾਮ ਬਿਨਾ ਸਭਿ ਕੂੜੁ ਗਲ੍ਹੀ ਹੋਛੀਆ॥
ਨਾਮੁ ਨਿਧਾਨੁ ਅਪਾਰੁ ਭਗਤਾ ਮਨਿ ਵਸੈ॥ ਜਨਮ ਮਰਣ ਮੋਹੁ ਦੁਖੁ ਸਾਧੂ ਸੰਗਿ ਨਸੈ॥
ਪੰਨਾ ੭੬੧

ਨੋਟ:- ਨਾਮ ਜਪਣ ਦੇ ਚਾਹਵਾਨ ਗੁਰਸਿੱਖ ਇਸ ਲਿਖਾਰੀ ਦੀ ਲਿਖੀ=ਨਾਮ ਕੀ ਮਹਿਮਾਂ ਪੁਸਤਕ ਪੜ੍ਹੋ ਜੀ।

ਤਥਾ:- ਅਬ ਕਲੂ ਆਇਓ ਰੇ॥
ਇਕੁ ਨਾਮੁ ਬੋਵਹੁ ਬੋਵਹੁ॥ ਅਨ ਰੂਤਿ ਨਾਹੀ ਨਾਹੀ॥
ਮਤੁ ਭਰਮਿ ਭੂਲਹੁ ਭੁਲਹੁ॥
ਪੰਨਾ ੧੧੮੫

ਅਰਥ:- ਕਲਯੁਗ ਵਿਚ ਨਾਮ ਤੋਂ ਬਗੈਰਾ ਕੋਈ ਕਰਮ ਧਰਮ ਮੱਦਦ ਨਹੀਂ ਕਰਦਾ।

ਨੰ:3 ਦਸ਼ਮੇਸ਼ ਪਿਤਾ ਜੀ ਜੰਗਾਂ ਤੋਂ ਵੇਹਲੇ ਹੋ ਕੇ ਸਾਬੋ ਕੀ ਤਲਵੰਡੀ ਚੌਧਰੀ ਡੱਲੇ ਪਾਸ ਠਹਿਰੇ ਸਨ, ਉਥੇ ਗੁਰੂ ਜੀ ਕੇ ਮਹਲ ਮਾਤਾ ਸੁੰਦਰ ਜੀ ਅਤੇ ਸਾਹਿਬ ਕੌਰ ਜੀ ਦਿਲੀ ਤੋਂ ਆਏ ਅਤੇ ਪੁਛਿਆ,

ਦੋਹਰਾ:- ਗੱਲ ਵਿਚ ਪੱਲਾ ਪਾਕੇ ਤੇ ਮਾਤਾ ਸਾਹਿਬ, ਚਰਨ ਨਮਸ਼ਕਾਰੇ। ਦੱਸੀਂ ਪੁਰੀ ਅਨੰਦ ਦਿਆ ਜੀ ਵਾਸ਼ੀਆ, ਲਾਲ ਕਿਥੇ ਨੇਂ ਚਾਰੇ।

ਸਤਿਗੁਰ ਜੀ ਦੱਸਦੇ ਹਨ:- ਕੇ ਚਾਰੇ ਪੁਤ੍ਰ ਪੰਥ ਖਾਲਸੇ ਤੇ ਕੁਰਬਾਨ ਕਰ ਦਿਤੇ ਹਨ, ਸੱਜੇ ਦੀਵਾਨ ਵੱਲ ਇਸ਼ਾਰਾ ਕਰਕੇ ਦੱਸਿਆ ਕੇ ਅੱਜ ਤੋਂ ਸਾਰਾ ਪੰਥ ਖਾਲਸਾ ਤੁਹਾਡਾ ਪੁਤ੍ਰ ਹੈ।

ਦੋਹਰਾ॥ ਇਨ ਪੁਤ੍ਰਨ ਕੇ ਸੀਸ ਪਰ, ਵਾਰ ਦੀਏ ਸੁਤ ਚਾਰ।
ਚਾਰ ਮੂਏ ਤੋਂ ਕਿਆ ਹੂਆ, ਜੀਵਤ ਕਈ ਹਜ਼ਾਰ।

ਸਮੂਹ ਨਾਨਕ ਨਾਮੁ ਲੇਵਾ ਅਤੇ ਅੰਮ੍ਰਿਤਧਾਰੀ ਖਾਲਸਾ ਜੀ ਆਪਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਆਰੇ ਪੁੱਤਰ ਖਾਲਸੇ ਦਾ ਜਨਮ ਦਿਨ ਮਨਾ ਰਹੇ ਹਾਂ। ਅਰਦਾਸ ਕਰੀਏ ਕੇ ਖੁਸ਼ੀਆਂ ਹੋਵਨ।

(ਰਾਮ ਰਾਏ ਨੂੰ ਮਸੰਦਾਂ ਨੇ ਜੀਊਦਾਂ ਸਾੜ ਦੇਣਾ)
ਰਾਮ ਰਾਏ ਨੂੰ ਮਸੰਦਾਂ ਨੇ ਜੀਊਦਾਂ ਸਾੜ ਦੇਣਾ।
ਦਸ਼ਮੇਸ਼ ਜੀ ਨੇ ਮਸੰਦਾਂ ਨੂੰ ਤੇਲ ਦੇ ਕੜਾਹੇ ਵਿਚ ਤਲ ਦੇਣਾ।

ਰਾਮ ਰਾਏ ਜੀ ਯੋਗਾ ਅਭਿਆਸੀ ਸੀ, ਦਸਮੇਂ ਦੁਆਰ ਸ੍ਵਾਸ ਚੜ੍ਹਾਕੇ ਕਈ ਕਈ ਦਿਨ ਯੋਗਾ ਅਭਿਆਸ ਦਾ ਅਨੰਦ ਮਾਣਦੇ ਸੀ।

ਸਲੋਕੁ॥ ਤੀਨਿ ਬਿਆਪਹਿ ਜਗਤ ਕਉ ਤੁਰੀਆ ਪਾਵੈ ਕੋਇ॥
ਨਾਨਕ ਸੰਤ ਨਿਰਮਲ ਭਏ ਜਿਨ ਮਨਿ ਵਸਿਆ ਸੋਇ॥੩॥
ਪੰਨਾ ੨੮੭

ਅਰਥ:- ਰਜੋ, ਸਤੋ, ਤਮੋ ਤਿਨ ਗੁਣ ਮਾਇਆ ਦੇ ਸਾਰੇ ਜਗਤ ਨੂੰ ਵਿਆਪ ਰਹੇ ਹਨ। ਤੁਰੀਆ ਪਦ ਜੋ ਚੋਥੀ ਭੂਮਿਕਾ ਹੈ, ਉਸ ਦੇ ਚਉਥਾ ਪਦ ਨੂੰ ਕੋਈ ਵਿਰਲਾ ਹੀ ਸੰਤ ਜਨ ਪਾਉਂਦਾ ਹੈ। ਗੁਰੂ ਜੀ ਕਥਨ ਕਰਦੇ ਹਨ:- ਉਹ ਸੰਤ ਜਨ ਨਿਰਮਲ ਹਨ, ਜਿਨ੍ਹਾਂ ਦੇ ਮਨ ਵਿਚ ਪ੍ਰਮਾਤਮਾ ਵਸਿਆ ਹੈ। ਅੱਜ ਕੱਲ ਗੁਰੂ ਕਾ ਸਿੱਖ ਚਾਉਥਾ ਪਦ ਨਾਲੋਂ, ਗੁਰੂ ਕੀ ਗੋਲਕ ਨੂੰ ਹੀ ਚਉਥਾ ਪਦ ਸਮਝਦਾ ਹੈ। ਗੁਰੂ ਕਾ ਬੇਟਾ ਰਾਮ ਰਾਏ ਜੀ ਪਾਸ ਪਰਮ ਅਨੰਦ ਦੀ ਜੁਗਤੀ ਸੀ। ਇਕ ਦਿਨ ਦਸਵੇਂ ਦੁਆਰ ਸ੍ਵਾਸ ਚੜ੍ਹਾਕੇ ਬੈਠੇ ਹਨ, ਰਾਮ ਰਾਏ ਜੀ। ਮਸੰਦਾਂ ਨੇ ਮਰਿਆ ਸਮਝ ਕੇ ਅਗਨ ਭੇਂਟ ਕਰ ਦਿੱਤਾ। ਮਾਤਾ ਪੰਜਾਬ ਕੌਰ ਜੀ ਨੇਂ ਮਸੰਦਾਂ ਨੂੰ ਬਹੁਤ ਰੋਕਿਆ, ਪਰ ਮਸੰਦਾਂ ਨੇ ਭੂਤਰਿਆਂ ਹੋਇਆਂ ਨੇਂ ਮਾਤਾ ਜੀ ਦੀ ਇਕ ਨਾ ਸੁਣੀਂ, ਗੱਦੀ ਸਾਂਭਣ ਵਾਲਿਆਂ ਨੇ ਜੀਉਂਦੇ ਗੁਰੂ ਰਾਮ ਰਾਏ ਨੂੰ ਸਾੜ੍ਹ ਦਿੱਤਾ। ਮਾਤਾ ਪੰਜਾਬ ਕੌਰ ਰੋਂਦੀ ਪਿਟਦੀ ਰਿਹ ਗਈ। ਮਾਤਾ ਪੰਜਾਬ ਕੌਰ ਨੇ ਆਪਣੇ ਅਤਵਾਰੀ ਮਸੰਦ ਦਸ਼ਮੇਸ਼ ਪਿਤਾ ਜੀ ਪਾਸ ਭੇਜ ਕੇ, ਸਾਰੀ ਕੁਟਲ ਨੀਤੀ ਮਸੰਦਾਂ ਦੀ ਕਹਿ ਭੇਜੀ। ਕੇ ਚਾਚਾ ਜੀ ਭੈੜੇ ਮਸੰਦਾਂ ਨੇ ਮੇਰੇ ਪਤੀ ਨੂੰ, ਤੁਹਾਡੇ ਭਤੀਜੇ ਨੂੰ, ਯੋਗਾ ਅਭਿਆਸ ਵਿਚ ਬੈਠੇ ਨੂੰ ਮਰਿਆ ਕਹਿ ਕੇ ਸਾੜ੍ਹ ਦਿੱਤਾ। ਚਾਚਾ ਜੀ ਆਪ ਆਕੇ ਮੇਰੀ ਮੱਦਦ ਕਰੋ, ਦਾਸੀ ਆਪ ਜੀ ਦੇ ਚਰਨਾਂ ਵਿਚ ਰੋਂਦੀ ਪਿਟਦੀ ਬੇਨਤੀ ਕਰਦੀ ਹੈ। (ਮਾਤਾ ਪੰਜਾਬ ਕੌਰ ਜੀ) .

# ਨਵਜੋਤ ਸਿੱਧੂ ਵੱਲੋਂ ਕੈਪਟਨ ਨੂੰ ਚਿੱਠੀ : ਦੂੱਗਲਾਂ ਦੀ ਗਲੀ ਮੁੜ ਤੋਂ ਕ੍ਰਾਲਿੰਗ ਸਟਰੀਟ ਕਰ ਦਿੱਤੀ ਜਾਵੇ

ਜਲੰਧਰ, 11 ਅਪ੍ਰੈਲ (ਪੋਸਟ ਬਿਊਰੋ)- ਮੀਡੀਆ ਵੱਲੋਂ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਨਾਲ ਕੀਤੀ ਗਈ ਇੰਟਰਵਿਊ ਦੌਰਾਨ ਜਲ੍ਹਿਆਂਵਾਲਾ ਬਾਗ ਦੇ ਨਾਲ ਲੱਗਦੀ ਦੁੱਗਲਾਂ ਵਾਲੀ ਗਲੀ ਦੇ ਨਾਂਅ ਬਾਰੇ ਪੁੱਛੇ ਸਵਾਲ ਦਾ ਅਸਰ ਹੋ ਗਿਆ ਹੈ। ਇਸ ਪਿੱਛੋਂ ਨਵਜੋਤ ਸਿੰਘ ਸਿੱਧੂ ਨੇ ਦੁੱਗਲਾਂ ਵਾਲੀ ਗਲੀ ਦਾ ਨਾਂਅ ਫਿਰ ਕ੍ਰਾਲਿੰਗ ਸਟਰੀਟ ਰੱਖਣ ਲਈ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਚਿੱਠੀ ਲਿਖ ਕੇ 13 ਅਪ੍ਰੈਲ ਤੋਂ ਪਹਿਲਾਂ ਇਹ ਨਾਂਅ ਬਦਲਣ ਦੀ ਮੰਗ ਕੀਤੀ ਹੈ।



ਵਰਨਣ ਯੋਗ ਹੈ ਕਿ ਇਸ ਗਲੀ ਵਿੱਚ ਅੰਗਰੇਜ਼ਾਂ ਦੇ ਜ਼ੁਲਮ ਕਾਰਨ ਹਿੰਦੁਸਤਾਨੀਆਂ ਨੂੰ ਖੜ੍ਹੇ ਹੋ ਕੇ ਨਿਕਲਣ ਦੀ ਥਾਂ ਲੇਟ ਕੇ ਨਿਕਲਣਾ ਪਿਆ ਸੀ। ਨਵਜੋਤ ਸਿੰਘ ਸਿੱਧੂ ਨੇ ਦੱਸਿਆ ਕਿ ਕੇਂਦਰ ਸਰਕਾਰ ਦੇਸ਼ਭਗਤੀ ਅਤੇ ਰਾਸ਼ਟਰਵਾਦ ਦੀਆਂ ਵੱਡੀਆਂ-ਵੱਡੀਆਂ ਗੱਲਾਂ ਕਰਦੀ ਹੈ, ਪਰ ਜਲ੍ਹਿਆਂਵਾਲਾ ਬਾਗ ਦੇ ਗੌਰਵਮਈ ਇਤਿਹਾਸ ਦੀ 100ਵੀਂ ਵਰ੍ਹੇਗੰਢ ਨੂੰ ਧੂਮਧਾਮ ਨਾਲ ਮਨਾਉਣ ਲਈ ਜਲ੍ਹਿਆਂਵਾਲਾ ਬਾਗ ਟਰੱਸਟ ਦੇ ਚੇਅਰਮੈਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਤੱਕ ਨਾ ਖੁਦ ਕੁਝ ਕੀਤਾ ਹੈ ਤੇ ਨਾ ਪੰਜਾਬ ਸਰਕਾਰ ਨੂੰ ਇਸ ਇਤਿਹਾਸਕ ਵਿਰਾਸਤ ਦਾ ਵਿਕਾਸ ਕਰਨ ਦੀ ਪ੍ਰਵਾਨਗੀ ਦਿੱਤੀ ਹੈ, ਜਿਸ ਕਾਰਨ 100ਵੀਂ ਵਰ੍ਹੇਗੰਢ ਮਨਾਉਣ ਲਈ ਪੰਜਾਬ ਸਰਕਾਰ ਦੀਆਂ ਸਭ ਤਿਆਰੀਆਂ ਬੇਕਾਰ ਗਈਆਂ ਹਨ।

ਇਸ ਸੰਬੰਧ ਵਿੱਚ ਚੇਤੇ ਰੱਖਣ ਯੋਗ ਹੈ ਕਿ 10 ਅਪ੍ਰੈਲ 1919 ਦੇ ਦਿਨ ਮਿਸ ਮਾਰਸੇਲਾ ਸ਼ੀਅਰਵੁੱਡ ਜਦੋਂ ਤੰਗ ਜਿਹੀ ਗਲੀ 'ਚੋਂ ਸਾਈਕਲ ਉੱਤੇ ਲੰਘ ਰਹੀ ਸੀ ਤਾਂ ਭੀੜ ਨੇ ਉਸ 'ਤੇ ਹਮਲਾ ਕਰ ਦਿੱਤਾ ਸੀ। ਉਸ ਨੂੰ ਹਮਲਾ ਕਰਨ ਵਾਲਿਆਂ ਤੋਂ ਮੁਹੱਲੇ ਦੇ ਕੁਝ ਲੋਕਾਂ ਨੇ ਬਚਾਅ ਲਿਆ, ਪਰ ਅੰਮ੍ਰਿਤਸਰ ਵਿਖੇ ਵਾਪਰੀ ਇਸ ਘਟਨਾ ਨੂੰ ਬ੍ਰਿਟਿਸ਼ ਸਰਕਾਰ ਨੇ ਨਿੱਜੀ ਹਮਲੇ ਦੇ ਰੂਪ ਵਿੱਚ ਲਿਆ ਅਤੇ ਜਨਰਲ ਡਾਇਰ ਨੇ ਖੁਦ ਇਸ ਗਲੀ ਦਾ ਦੌਰਾ ਕੀਤਾ। ਡਾਇਰ ਨੇ ਉਥੇ ਇੱਕ ਰੱਸੀ ਬੰਨ੍ਹਵਾ ਦਿੱਤੀ, ਜਿਸ ਦਾ ਅਰਥ ਇਹ ਸੀ ਕਿ ਜੋ ਵੀ ਇਸ ਗਲੀ ਵਿੱਚੋਂ ਲੰਘੇਗਾ, ਉਹ ਲੇਟ ਕੇ ਲੰਘੇਗਾ। ਉਥੇ ਇੱਕ ਮੰਦਰ ਸੀ। ਅੰਗਰੇਜ਼ ਦਾ ਹੁਕਮ ਨਾ ਮੰਨਣ ਵਾਲਿਆਂ ਨੂੰ ਮੰਦਰ ਨੇੜਲੇ ਖੂਹ ਕੋਲ ਬੰਨ੍ਹ ਕੇ ਕੋੜੇ ਮਾਰੇ ਜਾਂਦੇ ਸਨ।

# ਆਨਰ ਕਿਲਿੰਗ ਮਾਮਲੇ ਵਿੱਚ ਸਾਬਕਾ ਫੌਜੀ ਨੂੰ ਫਾਂਸੀ ਦਾ ਹੁਕਮ

ਬਠਿੰਡਾ, 11 ਅਪ੍ਰੈਲ (ਪੋਸਟ ਬਿਊਰੋ)- ਆਨਰ ਕਿਲਿੰਗ ਕੇਸ ਵਿੱਚ ਮਾਨਸਾ ਦੀ ਜ਼ਿਲ੍ਹਾ ਅਦਾਲਤ ਨੇ ਦੋਸ਼ੀ ਸਾਬਕਾ ਫੌਜੀ ਨੂੰ ਫਾਂਸੀ ਦੀ ਸਜ਼ਾ ਸੁਣਾਈ ਹੈ। ਦੋਸ਼ੀ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਮਾਮੇ ਦੀ ਗਰਭਵਤੀ ਧੀ ਨੂੰ ਮਾਰ ਦਿੱਤਾ ਸੀ। ਵਜ੍ਹਾ ਇਹ ਸੀ ਉਸ ਨੇ ਲਵ ਮੈਰਿਜ ਕੀਤੀ ਸੀ। ਇਸ ਕੇਸ ਵਿੱਚ ਨਾਮਜ਼ਦ ਦੋਸ਼ੀ ਮੱਖਣ ਸਿੰਘ ਨੂੰ ਬੀਤੇ ਦਿਨ ਮਾਨਸਾ ਦੀ ਜ਼ਿਲ੍ਹਾ ਅਤੇ ਸੈਸ਼ਨ ਕੋਰਟ ਨੇ ਫਾਂਸੀ ਦੀ ਸਜ਼ਾ ਸੁਣਾ ਦਿੱਤੀ।



ਕੱਲ੍ਹ ਸੁਣਵਾਈ ਦੌਰਾਨ ਦੋਸ਼ੀ ਮੱਖਣ ਸਿੰਘ ਨੇ ਜੱਜ ਨੂੰ ਰਹਿਮ ਦੀ ਅਪੀਲ ਕਰਦੇ ਹੋਏ ਕਿਹਾ, ਮੈਂ 17 ਸਾਲ ਫੌਜ ਵਿੱਚ ਸੇਵਾਵਾਂ ਦਿੱਤੀਆਂ ਹਨ, ਮੈਨੂੰ ਮੁਆਫ ਕਰ ਦਿਓ। ਮੇਰਾ ਬੱਚਾ ਛੋਟਾ ਹੈ। ਪਿਤਾ ਵੀ ਬਜ਼ੁਰਗ ਹਨ। ਮੈਨੂੰ ਬਖਸ਼ ਦਿਓ। ਇਸ ਉਤੇ ਜੱਜ ਮਨਦੀਪ ਪੰਨੂ ਨੇ ਕਿਹਾ, ਜੇ 17 ਸਾਲ ਫੌਜ ਵਿੱਚ ਕੰਮ ਕੀਤਾ ਹੈ ਤਾਂ ਬੇਕਸੂਰ ਨੂੰ ਮਾਰਨ ਦਾ ਲਾਇਸੈਂਸ ਤਾਂ ਨਹੀਂ ਮਿਲ ਗਿਆ? ਸਾਬਕਾ ਫੌਜੀ ਤੋਂ ਅਜਿਹੀ ਵਾਰਦਾਤ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਤੁਹਾਨੂੰ ਮੁਆਫੀ ਨਹੀਂ ਦਿੱਤੀ ਜਾ ਸਕਦੀ। ਤੁਸੀਂ ਮਕਸਦ ਦੇ ਤਹਿਤ ਕਤਲ ਕੀਤਾ ਹੈ। ਤੁਸੀਂ ਸਮਝਿਆ ਕਿ ਲੜਕੀ ਦਾ ਕਤਲ ਕਰ ਕੇ ਤੁਹਾਡੀ ਇੱਜ਼ਤ ਬਚ ਜਾਏਗੀ। ਤੁਸੀਂ ਆਪਣੇ ਮਾਮੇ ਦੀ ਗਰਭਵਤੀ ਬੇਟੀ ਅਤੇ ਉਸ ਦੇ ਪਤੀ 'ਤੇ ਗੋਲੀਆਂ ਚਲਾ ਦਿੱਤੀਆਂ। ਤੁਹਾਨੂੰ ਫਾਂਸੀ ਤੋਂ ਘੱਟ ਸਜ਼ਾ ਨਹੀਂ ਦਿੱਤੀ ਜਾ ਸਕਦੀ। ਵਰਨਣ ਯੋਗ ਹੈ ਕਿ ਮਾਨਸਾ ਜ਼ਿਲ੍ਹੇ ਦੇ ਪਿੰਡ ਫੱਤਾ ਮਾਲੋਕਾ ਦੇ ਗੁਰਪਿਆਰ ਸਿੰਘ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਸੀਨੀਅਰ ਸੈਕੰਡਰੀ ਸਕੂਲ ਸਰਦੂਲਗੜ੍ਹ ਵਿੱਚ ਸਰੀਰਕ ਸਿਖਿਆ ਦੇ ਅਧਿਆਪਕ ਹਨ। 29 ਦਸੰਬਰ 2014 ਨੂੰ ਉਨ੍ਹਾਂ ਨੇ ਪਿੰਡ ਭੰਮੇ ਕਲਾਂ ਦੀ ਸਿਮਰਜੀਤ ਕੌਰ ਦੇ ਨਾਲ ਹਾਈ ਕੋਰਟ ਵਿੱਚ ਲਵ ਮੈਰਿਜ ਕੀਤੀ ਸੀ। ਸਿਮਰਜੀਤ ਸਰਕਾਰੀ ਪ੍ਰਾਇਮਰੀ ਸਕੂਲ ਸਰਦੂਲਗੜ੍ਹ ਦੀ ਅਧਿਆਪਕਾ ਸੀ। 16 ਅਪ੍ਰੈਲ 2015 ਨੂੰ ਪਿੰਡ ਫੱਤਾ ਮਾਲੋਕਾ ਦੇ ਨੇੜੇ ਸਿਮਰਜੀਤ ਕੌਰ ਨੂੰ ਗੋਲੀ ਮਾਰ ਦਿੱਤੀ ਗਈ ਸੀ, ਜਦ ਕਿ ਉਨ੍ਹਾਂ ਨੂੰ ਜ਼ਖਮੀ ਕਰ ਦਿੱਤਾ ਗਿਆ ਸੀ। ਮਾਮਲੇ ਵਿੱਚ ਮੱਖਣ ਸਿੰਘ, ਦਲੇਰ ਸਿੰਘ, ਜਗਤਾਰ ਅਤੇ ਸੁਖਵਿੰਦਰ 'ਤੇ ਕੇਸ ਚੱਲਿਆ। ਦਲੇਰ ਸਿੰਘ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਅੱਠ ਮਾਰਚ ਨੂੰ ਸੁਣਵਾਈ ਵਿੱਚ ਅਦਾਲਤ ਨੇ ਜਗਤਾਰ ਅਤੇ ਸੁਖਵਿੰਦਰ ਨੂੰ ਬਰੀ ਕਰ ਦਿੱਤਾ ਸੀ। ਮੱਖਣ ਨੂੰ ਦੋਸ਼ੀ ਕਰਾਰ ਦਿੱਤਾ ਸੀ।

## ਪਾਵਰਕਾਮ ਦੇ ਸਾਬਕਾ ਜੇ ਈ ਦਾ ਬੇਟੇ ਵੱਲੋਂ ਹਥੌੜਾ ਮਾਰ ਕਤਲ

ਪਟਿਆਲਾ, 11 ਅਪ੍ਰੈਲ (ਪੋਸਟ ਬਿਊਰੋ)- ਜ਼ਿਲੇ ਵਿੱਚ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪਾਵਰਕਾਮ) ਦੇ ਰਿਟਾਇਰਡ ਜੇ ਈ ਦੇ ਸਿਰ ਉਤੇ ਹਥੌੜਾ ਮਾਰ ਕੇ ਬੇਟੇ ਨੇ ਹੱਤਿਆ ਕਰ ਦਿੱਤੀ। ਪੁਲਸ ਨੇ ਦੋਸ਼ੀ ਬੇਟੇ ਨੂੰ ਗ੍ਰਿਫਤਾਰ ਕਰ ਕੇ ਉਸ ਦੇ ਖਿਲਾਫ ਹੱਤਿਆ ਦਾ ਕੇਸ ਦਰਜ ਕਰ ਲਿਆ ਹੈ। ਇਸ ਕੇਸ ਦੇ ਜਾਂਚ ਅਧਿਕਾਰੀ ਥਾਣਾ ਤ੍ਰਿਪੜੀ ਦੇ ਇੰਚਾਰਜ ਹਰਜਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਰਤਨ ਨਗਰ ਦੇ ਰਹਿਣ ਵਾਲੇ ਪਾਵਰਕਾਮ ਦੇ ਰਿਟਾਇਰਡ ਜੇ ਈ ਬਲਕਾਰ ਸਿੰਘ (65) ਦੀ ਉਸ ਦੇ ਬੇਟੇ ਪ੍ਰਭਜੋਤ ਸਿੰਘ (30) ਨੇ ਸਿਰ ਵਿੱਚ ਹਥੌੜਾ ਮਾਰ ਕੇ ਹੱਤਿਆ ਕਰ ਦਿੱਤੀ ਹੈ। ਪੁਲਸ ਦੇ ਮੁਤਾਬਕ ਪ੍ਰਭਜੋਤ ਸਿੰਘ 30 ਸਾਲ ਦਾ ਹੋਣ ਦੇ ਬਾਵਜੂਦ ਹੁਣ ਤੱਕ ਬੇਰੋਜ਼ਗਾਰ ਸੀ। ਕੁਝ ਸਾਲਾਂ ਤੋਂ ਉਹ ਆਪਣੇ ਪਿਤਾ ਤੋਂ ਵਿਦੇਸ਼ ਜਾਣ ਲਈ ਪੈਸੇ ਮੰਗਦਾ ਸੀ, ਪਰ ਪਿਤਾ ਨਹੀਂ ਚਾਹੁੰਦੇ ਸਨ ਕਿ ਬੇਟਾ ਵਿਦੇਸ਼ ਜਾਵੇ। ਇਸ ਲਈ ਉਨ੍ਹਾਂ ਨੇ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਜਿਸ ਕਾਰਨ ਪ੍ਰਭਜੋਤ ਸਿੰਘ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਸੀ।

## ਵੀਜ਼ਾ ਨਾ ਮਿਲਣ ਤੋਂ ਪਰੇਸ਼ਾਨ ਨੌਜਵਾਨ ਵੱਲੋਂ ਆਤਮ ਹੱਤਿਆ

ਸੁਲਤਾਨਪੁਰ ਲੋਧੀ (ਕਪੂਰਥਲਾ), 11 ਅਪ੍ਰੈਲ (ਪੋਸਟ ਬਿਊਰੋ)- ਵਿਦੇਸ਼ ਜਾਣ ਦੀ ਚਾਹਤ ਵਿੱਚ ਇਕ ਨੌਜਵਾਨ ਨੇ ਵੀਜ਼ਾ ਨਾ ਮਿਲਣ ਤੋਂ ਪਰੇਸ਼ਾਨ ਹੋ ਕੇ ਆਤਮ ਹੱਤਿਆ ਕਰ ਲਈ। ਇਸ ਬਾਰੇ ਥਾਣਾ ਤਲਵੰਡੀ ਚੌਧਰੀਆਂ ਦੇ ਐਸ ਐਸ ਓ ਬਲਜੀਤ ਸਿੰਘ ਨੇ ਦੱਸਿਆ ਕਿ ਤਲਵੰਡੀ ਚੌਧਰੀਆਂ ਪਿੰਡ ਵਿੱਚ ਹਰਵਿੰਦਰ ਸਿੰਘ ਪੁੱਤਰ ਰਣਧੀਰ ਸਿੰਘ ਉਮਰ 28 ਸਾਲ ਇਕੱਲਾ ਘਰ ਵਿੱਚ ਰਹਿੰਦਾ ਸੀ। ਹਰਵਿੰਦਰ ਸਿੰਘ ਦੁਬਈ ਕੰਮਕਾਜ ਦੀ ਭਾਲ ਵਿੱਚ ਗਿਆ ਸੀ, ਪ੍ਰੰਤੂ ਕੰਮ ਨਾ ਮਿਲਣ 'ਤੇ ਉਹ ਖਾਲੀ ਹੱਥ ਭਾਰਤ ਵਾਪਸ ਆ ਗਿਆ। ਉਨ੍ਹਾਂ ਨੇ ਦੱਸਿਆ ਕਿ ਹਰਵਿੰਦਰ ਸਿੰਘ ਦੇ ਪਿਤਾ ਦੀ ਪੰਜ ਸਾਲ ਪਹਿਲਾ ਮੌਤ ਹੋ ਗਈ ਸੀ ਅਤੇ ਉਸ ਦੀ ਭੈਣ ਅਤੇ ਭਰਾ ਵੀ ਵਿਦੇਸ਼ ਵਿੱਚ ਰਹਿੰਦੇ ਹਨ। ਉਨ੍ਹਾਂ ਨੇ ਦੱਸਿਆ ਕਿ ਹਰਵਿੰਦਰ ਸਿੰਘ ਕੈਨੇਡਾ ਜਾਣਾ ਚਾਹੁੰਦਾ ਸੀ, ਪਰ ਉਸ ਨੂੰ ਵੀਜ਼ਾ ਨਹੀਂ ਮਿਲਿਆ, ਜਿਸ ਕਾਰਨ ਉਹ ਤਣਾਅ ਵਿੱਚ ਰਹਿੰਦਾ ਸੀ। ਮਾਤਾ ਹਰਪ੍ਰੀਤ ਕੌਰ ਵੀ ਵਿਦੇਸ਼ ਵਿੱਚ ਰਹਿੰਦੇ ਬੇਟੇ ਕੋਲ ਚਲੀ ਗਈ ਸੀ, ਜਿਸ ਕਾਰਨ ਉਹ ਇਕੱਲਾ ਘਰ ਰਹਿੰਦਾ ਸੀ।

# ਪੈਟਰੋਲ ਪੰਪ ਲੁੱਟਣ ਦੀ ਗੋਂਦ ਗੁੰਦਦੇ ਸੱਤ ਗੈਂਗਸਟਰ ਗ੍ਰਿਫਤਾਰ

ਜਲੰਧਰ, 11 ਅਪ੍ਰੈਲ (ਪੋਸਟ ਬਿਊਰੋ)- ਜ਼ਿਲਾ ਜਲੰਧਰ ਦਿਹਾਤੀ ਦੀ ਪੁਲਸ ਦੇ ਸੀ ਆਈ ਏ ਸਟਾਫ ਨੇ ਲੋਹੀਆਂ ਦੇ ਪਿੰਡ ਧਾਰੀਵਾਲ ਧੁੱਸੀ ਬੰਨ੍ਹ ਨੇੜੇ ਪੈਟਰੋਲ ਪੰਪ ਲੁੱਟਣ ਦੀ ਯੋਜਨਾ ਬਣਾ ਰਹੇ ਸੱਤ ਗੈਂਗਸਟਰਾਂ ਨੂੰ ਗ੍ਰਿਫਤਾਰ ਕੀਤਾ ਹੈ। ਗੈਂਗ ਦੇ ਕਬਜ਼ੇ ਵਿੱਚੋਂ ਪੁਲਸ ਨੇ ਦੋ ਦੇਸੀ ਪਿਸਤੌਲ 32 ਬੋਰ, ਛੇ ਜਿੰਦਾ ਕਾਰਤੂਸ, ਦੋ ਮੋਟਰ ਸਾਈਕਲ, ਤਿੰਨ ਦਾਤਰ ਅਤੇ ਇੱਕ ਛੁਰਾ ਮਿ-ਲਿਆ ਹੈ ਅਤੇ ਇਸ ਗੈਂਗ ਦੇ ਖਿਲਾਫ ਜ਼ਿਲਾ ਮੁਕਤਸਰ ਅਤੇ ਫਿਰੋਜ਼ਪੁਰ ਵਿੱਚ ਵੀ ਲੁੱਟ ਖੋਹ ਅਤੇ ਸੁਪਾਰੀ ਲੈ ਕੇ ਲੋਕਾਂ ਦੇ ਹੱਥ-ਪੈਰ ਤੋੜਨ ਦੇ ਮਾਮਲੇ ਦਰਜ ਹਨ।



ਇਸ ਬਾਰੇ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਐੱਸ ਐੱਸ ਪੀ ਨਵਜੋਤ ਸਿੰਘ ਮਾਹਲ ਨੇ ਦੱਸਿਆ ਕਿ ਸੀ ਆਈ ਏ ਸਟਾਫ ਦੇ ਐੱਸ ਆਈ ਸੁਰਿੰਦਰ ਸਿੰਘ ਨੇ ਸਵੇਰੇ 7.30 ਵਜੇ ਲੋਹੀਆਂ ਦੇ ਪਿੰਡ ਧਾਰੀਵਾਲ ਧੁੱਸੀ ਬੰਨ੍ਹ ਨੇੜੇ ਨਾਕਾਬੰਦੀ ਕੀਤੀ ਹੋਈ ਸੀ। ਮੁਖਬਰ ਤੋਂ ਸੂਚਨਾ ਮਿਲੀ ਕਿ ਸੱਤਾ ਗੈਂਗ ਪੈਟਰੋਲ ਪੰਪ ਲੁੱਟਣ ਦੀ ਯੋਜਨਾ ਹੇਠ ਘੁੰਮ ਰਿਹਾ ਹੈ ਅਤੇ ਜੇ ਪੁਲਸ ਸਮੇਂ ਸਿਰ ਛਾਪਾ ਮਾਰੇ ਤਾਂ ਗੈਂਗ ਪੁਲਸ ਦੇ ਹੱਥ ਲੱਗ ਸਕਦਾ ਹੈ। ਇਸ ਪਿੱਛੋਂ ਪੁਲਸ ਟੀਮ ਨੇ ਸੁੰਨਸਾਨ ਇਲਾਕੇ ਵਿੱਚ ਪਾਣੀ ਵਾਲੀ ਮੋਟਰ ਉੱਤੇ ਬਣੇ ਕਮਰੇ ਵਿੱਚ ਛਾਪਾ ਮਾਰਿਆ ਤਾਂ ਪੂਰੇ ਗੈਂਗ ਨੂੰ ਪੁਲਸ ਨੇ ਦਬੋਚ ਲਿਆ। ਗੈਂਗ ਦੇ ਕਬਜ਼ੇ ਤੋਂ ਹਥਿਆਰ ਵੀ ਮਿਲੇ ਹਨ। ਗ੍ਰਿਫਤਾਰ ਦੋਸ਼ੀਆਂ ਦੀ ਪਛਾਣ ਦਿਲਬਾਗ ਸਿੰਘ ਉਰਫ ਬਾਗਾ ਪੁੱਤਰ ਬਲਵੀਰ ਸਿੰਘ ਪਿੰਡ ਚੱਕ ਅੱਤਰੀ ਸਦਾਰਵਾਲਾ ਵਧਾਈ ਜ਼ਿਲ੍ਹਾ ਮੁਕਤਸਰ, ਹਰਪ੍ਰੀਤ ਸਿੰਘ ਹੈਪੀ ਪੁੱਤਰ ਗੁਰਮੇਲ ਸਿੰਘ ਵਾਸੀ ਨਿਜ਼ਾਮ ਵਾਲਾ ਜ਼ਿਲ੍ਹਾ ਫਿਰੋਜ਼ਪੁਰ, ਆਕਾਸ਼ਦੀਪ ਸਿੰਘ ਉਰਫ ਆਕਾਸ਼ ਪੁੱਤਰ ਹਰਜਿੰਦਰ ਸਿੰਘ ਵਾਸੀ ਬਸਤੀ ਰਾਮਲਾਲ ਜ਼ਿਲ੍ਹਾ ਫਿਰੋਜ਼ਪੁਰ, ਸੰਦੀਪ ਸਿੰਘ ਪੁੱਤਰ ਪਰਮਜੀਤ ਸਿੰਘ ਵਾਸੀ ਮੱਲਾਂਵਾਲਾ ਖਾਸ, ਫਿਰੋਜ਼ਪੁਰ, ਸਤਨਾਮ ਸਿੰਘ ਉਰਫ ਸੱਤਾ ਪੁੱਤਰ ਬਲਵੀਰ ਸਿੰਘ ਵਾਸੀ ਮੱਲਾਂਵਾਲਾ ਖਾਸ, ਫਿਰੋਜ਼ਪੁਰ, ਸਿਮਰਨਜੀਤ ਸਿੰਘ ਉਰਫ ਸਿਮਰਾ ਪੁੱਤਰ ਸੁਖਵਿੰਦਰ ਸਿੰਘ ਵਾਸੀ ਬਾਗੇਵਾਲਾ, ਫਿਰੋਜ਼ਪੁਰ ਤੇ ਕੁਲਦੀਪ ਕੁਮਾਰ ਪੁੱਤਰ ਲਛਮਣ ਦਾਸ ਵਾਸੀ ਮੁਹੱਲਾ ਸਰਕਾਰੀ ਹਸਪਤਾਲ ਮਹਿਤਪੁਰ ਜ਼ਿਲ੍ਹਾ ਜਲੰਧਰ ਦੱਸੀ ਹੈ। ਗੈਂਗ ਨੂੰ ਕੋਰਟ ਵਿੱਚ ਪੇਸ਼ ਕਰ ਕੇ ਰਿਮਾਂਡ 'ਤੇ ਲਿਆ ਗਿਆ ਹੈ, ਪੁਲਸ ਦਾ ਦਾਅਵਾ ਹੈ ਕਿ ਰਿਮਾਂਡ ਦੇ ਦੌਰਾਨ ਉਨ੍ਹਾਂ ਵੱਲੋਂ ਕੀਤੀ ਗਈ ਲੁੱਟ ਖੋਹ ਦੀਆਂ ਹੋਰ ਵਾਰਦਾਤਾਂ ਵੀ ਟ੍ਰੇਸ ਹੋਣ ਦੀ ਸੰਭਾਵਨਾ ਹੈ।

# ਅੱਗੇ ਤੋਂ ਹਰ ਬੱਚਾ ਗੁਰੂ ਨਾਨਕ ਦੇਵ ਜੀ ਦਾ ਇਤਿਹਾਸ ਪੜ੍ਹੇਗਾ

ਜਲੰਧਰ, 11 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਸਰਕਾਰ ਦੇ ਸਿਖਿਆ ਵਿਭਾਗ ਵੱਲੋਂ ਪ੍ਰਾਇਮਰੀ ਤੋਂ ਸੀਨੀਅਰ ਸੈਕੰਡਰੀ ਸਕੂਲਾਂ ਤੱਕ ਦੇ ਬੱਚਿਆਂ ਨੂੰ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਤਿਹਾਸ ਨਾਲ ਵੀ ਜੋੜਿਆ ਜਾਏਗਾ। ਏਸੇ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਉਤਸਵ ਪੰਜਾਬ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਮਨਾਇਆ ਜਾਏਗਾ। ਇਸ ਬਾਰੇ ਚਾਰ ਮਹੀਨੇ ਤੱਕ ਸਰਕਾਰੀ ਸਕੂਲਾਂ ਵਿੱਚ ਐਕਟੀਵਿਟੀ ਕਰਵਾਈ ਜਾਏਗੀ।

ਸਰਕਾਰੀ ਬੁਲਾਰੇ ਮੁਤਾਬਕ ਸੂਬੇ ਭਰ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਇਹ ਐਕਟੀਵਿਟੀ 25 ਅਪ੍ਰੈਲ ਨੂੰ ਸਕੂਲ ਪੱਧਰ ਤੋਂ ਸ਼ੁਰੂ ਹੋ ਕੇ 23 ਅਗਸਤ ਨੂੰ ਜ਼ਿਲ੍ਹਾ ਪੱਧਰ ਤੱਕ ਪਹੁੰਚ ਕੇ ਸਮਾਪਤ ਹੋਵੇਗੀ। ਇਸ ਦਾ ਮਕਸਦ ਹੀ ਬੱਚਿਆਂ ਨੂੰ ਗੁਰੂ ਜੀ ਦੇ ਜਨਮ ਤੋਂ ਉਨ੍ਹਾਂ ਦੀਆਂ ਯਾਤਰਾਵਾਂ ਤੇ ਉਨ੍ਹਾਂ ਦੀਆਂ ਸਿਖਿਆਵਾਂ ਤੱਕ ਦੇ ਬਾਰੇ ਗਿਆਨ ਦੇਣਾ ਹੈ, ਤਾਂ ਕਿ ਬੱਚੇ ਛੋਟੀ ਉਮਰ ਵਿੱਚ ਹੀ ਗੁਰੂ ਜੀ ਅਤੇ ਸਿੱਖ ਗੁਰੂ ਸਾਹਿਬਾਨਾਂ ਦੇ ਬਲੀਦਾਨ ਨੂੰ ਸਦਾ ਯਾਦ ਰੱਖਣ। ਐਕਟੀਵਿਟੀਜ਼ ਕਰਾਉਣ ਦਾ ਜ਼ਿੰਮਾ ਸਕੂਲ ਮੁਖੀਆਂ ਦਾ ਹੈ, ਪਰ ਉਨ੍ਹਾਂ 'ਤੇ ਨਿਗਰਾਨੀ ਰੱਖਣ ਦੇ ਲਈ ਜ਼ਿਲ੍ਹਾ ਸਿਖਿਆ ਅਧਿਕਾਰੀ ਸੈਕੰਡਰੀ ਅਤੇ ਐਲੀਮੈਂਟਰੀ ਦੋਵਾਂ ਨੂੰ ਨੋਡਲ ਅਫਸਰ ਕੰਮ ਕੋਆਰਡੀਨੇਟਰ ਬਣਾਇਆ ਗਿਆ ਹੈ। ਇਸ ਸੰਬੰਧ ਵਿੱਚ ਸਕੂਲ ਪੱਧਰ ਉਤੇ ਲੇਖ ਮੁਕਾਬਲੇ 25 ਅਪ੍ਰੈਲ, ਕੁਇਜ਼ ਮੁਕਾਬਲੇ ਦੋ ਮਈ, ਬਲਾਕ ਪੱਧਰ 'ਤੇ ਲੇਖ ਮੁਕਾਬਲੇ ਤਿੰਨ ਮਈ, ਕੁਇਜ਼ ਮੁਕਾਬਲੇ ਗਰਮੀਆਂ ਦੀਆਂ ਛੁੱਟੀਆਂ ਦੇ ਬਾਅਦ 12 ਜੁਲਾਈ ਨੂੰ ਕਰਵਾਏ ਜਾਣਗੇ। ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਬੱਚਿਆਂ ਦੇ ਮੁਕਾ-ਬਲੇ 15 ਜੁਲਾਈ ਨੂੰ ਸਕੂਲ ਪੱਧਰ ਉਤੇ ਹੋਣਗੇ। ਇਹ ਮੁਕਾਬਲੇ ਖਾਸ ਬਣਾਉਣ ਦੇ ਲਈ ਅਧਿਆਪਕ ਬੱਚਿਆਂ ਨੂੰ ਆਪਣੇ-ਆਪਣੇ ਸਕੂਲਾਂ ਤੋਂ ਗੁਰੂ ਨਾਨਕ ਦੇਵ ਦੇ ਸੰਬੰਧ ਵਿੱਚ ਕਿਤਾਬਾਂ ਲਾਇਬਰੇਰੀ ਤੋਂ ਜਾਰੀ ਕਰਵਾਉਣਗੇ।

# ਅਭਿਨੇਤਰੀ ਸੁਰਵੀਨ ਨੂੰ ਕੋਰਟ ਵਿੱਚ ਪੇਸ਼ ਹੋਣ ਦੇ ਹੁਕਮ ਨਿਕਲੇ

ਹੁਸ਼ਿਆਰਪੁਰ, 11 ਅਪ੍ਰੈਲ (ਪੋਸਟ ਬਿਊਰੋ)- ਇਸ ਜ਼ਿਲੇ ਦੇ ਚੀਫ ਜੁਡੀਸ਼ਲ ਮੈਜਿਸਟਰੇਟ (ਸੀ ਜੇ ਐੱਮ) ਦੀ ਅਦਾਲਤ ਨੇ ਬਹੁ ਚਰਚਿਤ ਧੋਖਾਧੜੀ ਮਾਮਲੇ ਵਿੱਚ ਅਭਿਨੇਤਰੀ ਸੁਰਵੀਨ ਚਾਵਲਾ, ਉਸ ਦੇ ਪਤੀ ਅਕਸ਼ੈ ਠੱਕਰ ਅਤੇ ਮਨਵਿੰਦਰ ਸਿੰਘ ਨੂੰ ਦੋ ਮਈ ਨੂੰ ਪੇਸ਼ ਹੋਣ ਦੇ ਹੁਕਮ ਦਿੱਤੇ ਹਨ।



ਵਰਨਣ ਯੋਗ ਹੈ ਕਿ ਸੁਰਵੀਨ ਚਾਵਲਾ ਅਤੇ ਉਸ ਦੇ ਪਤੀ ਉਤੇ ਹੁਸ਼ਿਆਰਪੁਰ ਦੇ ਸਤਪਾਲ ਗੁਪਤਾ ਨੇ ਚਾਲੀ ਲੱਖ ਰੁਪਏ ਦੀ ਧੋਖਾਧੜੀ ਕਰਨ ਦਾ ਥਾਣਾ ਸਿਟੀ ਵਿੱਚ ਕੇਸ ਦਰਜ ਕਰਾਇਆ ਸੀ। ਸੁਰਵੀਨ ਨੇ ਡੀ ਜੀ ਪੀ ਪੰਜਾਬ ਨੂੰ ਅਪੀਲ ਕੀਤੀ ਸੀ ਕਿ ਉਸ ਦੇ ਖਿਲਾਫ ਗਲਤ ਕੇਸ ਦਰਜ ਕੀਤਾ ਗਿਆ ਹੈ, ਉਸ ਦੀ ਜਾਂਚ ਕੀਤੀ ਜਾਏ। ਪੁਲਸ ਨੇ ਆਪਣੀ ਜਾਂਚ ਵਿੱਚ ਸੁਰਵੀਨ ਚਾਵਲਾ ਅਤੇ ਉਸ ਦੇ ਪਤੀ ਅਕਸ਼ੈ ਨੂੰ ਕਲੀਨ ਚਿਟ ਦੇ ਦਿੱਤੀ ਸੀ। ਪੁਲਸ ਦੀ ਜਾਂਚ ਤੋਂ ਸੰਤੁਸ਼ਟ ਨਾ ਹੋਣ ਕਾਰਨ ਸਤਪਾਲ ਗੁਪਤਾ ਨੇ ਫਿਰ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਹੈ। ਅਦਾਲਤ ਨੇ ਸੁਰਵੀਨ ਚਾਵਲਾ ਤੇ ਅਕਸ਼ੈ ਨੂੰ ਦੋ ਮਈ ਨੂੰ ਅਦਾਲਤ ਵਿੱਚ ਪੇਸ਼ ਹੋਣ ਦੇ ਹੁਕਮ ਦਿੱਤੇ ਹਨ। ਸੁਰਵੀਨ ਅਤੇ ਅਕਸ਼ੈ 'ਤੇ ਦੋਸ਼ ਹੈ ਕਿ 2014 ਵਿੱਚ ਉਨ੍ਹਾਂ ਨੇ ਫਿਲਮ ਬਣਾਉਣ ਲਈ ਸਤਪਾਲ ਗੁਪਤਾ ਨੂੰ ਪੈਸੇ ਇਨਵੈਸਟ ਕਰਨ ਨੂੰ ਕਿਹਾ। ਗੁਪਤਾ ਨੇ 51 ਲੱਖ ਰੁਪਏ ਇਨਵੈਸਟ ਕਰ ਦਿੱਤੇ। ਤਕਨੀਕੀ ਦਿੱਕਤ ਕਾਰਨ 11 ਲੱਖ ਸੁਰਵੀਨ ਦੇ ਖਾਤੇ 'ਚੋਂ ਵਾਪਸ ਆ ਗਏ।

## ਪੰਜਾਬ ਪੁਲਸ ਵਿੱਚ ਵੱਖਰਾ ਤਫਤੀਸ਼ੀ ਕੇਡਰ ਚੱਲਣ ਲੱਗ ਪਿਆ

ਪਟਿਆਲਾ, 11 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਪੁਲਸ ਵਿੱਚ ਨਵੀਆਂ ਕਾਇਮ ਕੀਤੀਆਂ ਅਸਾਮੀਆਂ 'ਤੇ ਪੂਰੇ ਸੂਬੇ 'ਚ ਅਧਿਕਾਰੀਆਂ ਦੀ ਤਾਇਨਾਤੀ ਹੋਣ ਦੇ ਨਾਲ ਪੰਜ ਸਾਲ ਪਹਿਲਾਂ ਸੂਬਾ ਸਰਕਾਰ ਵੱਲੋਂ ਲਿਆ ਗਿਆ ਵੱਖਰੇ ਪੁਲਸ ਤਫਤੀਸ਼ ਕੇਡਰ ਦਾ ਸੁਫਨਾ ਸਾਕਾਰ ਹੋ ਗਿਆ ਹੈ। ਪਿਛਲੇ ਮਹੀਨੇ ਚੋਣ ਕਮਿਸ਼ਨ ਨੇ ਇਨ੍ਹਾਂ ਅਧਿਕਾਰੀਆਂ ਦੀ ਨਿਯੁਕਤੀ ਕਰਨ ਉਤੇ ਪਾਬੰਦੀ ਲਾ ਦਿੱਤੀ ਸੀ, ਪਰ ਇਸ ਮੰਗਲਵਾਰ ਇਹ ਰੋਕ ਹਟਾ ਲਈ ਗਈ।

ਚੋਣ ਕਮਿਸ਼ਨ ਦੇ ਅੱਠ ਅਪ੍ਰੈਲ ਦੇ ਹੁਕਮਾਂ ਤੋਂ ਬਾਅਦ ਵੱਖਰੇ ਤਫਤੀਸ਼ੀ ਕੇਡਰ ਦੀ ਕਾਇਮੀ ਦਾ ਰਾਹ ਪੱਧਰਾ ਹੋ ਗਿਆ ਸੀ। ਇਹ ਕਾਨੂੰਨ ਅਤੇ ਵਿਵਸਥਾ (ਲਾਅ ਐਂਡ ਆਰਡਰ) ਤੋਂ ਵੱਖਰਾ ਹੋਵੇਗਾ ਅਤੇ ਇਸ ਨੂੰ 'ਪੰਜਾਬ ਬਿਊਰੋ ਆਫ ਇਨਵੈਸਟੀਗੇਸ਼ਨ' ਦਾ ਨਾਂ ਦਿੱਤਾ ਗਿਆ ਹੈ। ਇਸ ਤਹਿਤ 269 ਪੁਲਸ ਅਧਿਕਾਰੀਆਂ ਦੀ ਤਾਇਨਾਤੀ ਕੀਤੀ ਗਈ ਹੈ। ਪਿਛਲੇ ਮਹੀਨੇ 10 ਮਾਰਚ ਨੂੰ ਇੱਕ ਅਖਬਾਰ ਨੇ ਪੰਜਾਬ ਪੁਲਸ ਦੇ ਵੱਡੇ ਅਧਿਕਾਰੀਆਂ ਵੱਲੋਂ ਤਰੱਕੀ ਵਾਲੇ ਡੀ ਐਸ ਪੀ ਰੈਂਕ ਦੇ ਅਫਸਰਾਂ ਲਈ ਨਵੀਆਂ ਅਸਾਮੀਆਂ ਕਾਇਮ ਕਰਨ ਦੀ ਇਕ ਰਿਪੋਰਟ ਛਾਪੀ ਸੀ। ਇਸ ਵਿੱਚ ਇਨ੍ਹਾਂ ਅਫਸਰਾਂ ਨੂੰ ਚੋਣ ਕਮਿਸ਼ਨ ਦੀ ਪ੍ਰਵਾਨਗੀ ਤੋਂ ਬਿਨਾਂ ਤਾਇਨਾਤ ਕੀਤੇ ਜਾਣ ਦਾ ਜ਼ਿਕਰ ਸੀ। ਇਸ ਤੋਂ ਬਾਅਦ ਚੋਣ ਕਮਿਸ਼ਨ ਨੇ ਅਧਿਕਾਰੀਆਂ ਦੇ ਜੁਆਇਨ ਕਰਨ ਉੱਤੇ ਰੋਕ ਲਾ ਦਿੱਤੀ ਸੀ।

We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA

CPA CHARTERED PROFESSIONAL ACCOUNTANTS

Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com



7956 Torbram Rd, Unit #209, Brampton, ON L6T 5A2 Fax: 905-291-0741

A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job
For Further Information Contact: 6476253344

www.AREA REALTOR.com



Multi Award Winner Realtor
CENTURY 21 PRESIDENT
KAMAL SANDHU
Sales Representative
647.891.0143
905.488.2100 ext. 407



## ਵੋਟ ਪਾਉਣ ਗਈ ਔਰਤ ਨੂੰ ਜਵਾਬ ਮਿਲਿਆ, 'ਭੈਣ ਜੀ, ਤੁਸੀਂ ਮਰ ਚੁੱਕੇ ਹੋ'



ਗਾਜ਼ੀਆਬਾਦ, 11 ਅਪ੍ਰੈਲ (ਪੋਸਟ ਬਿਊਰੋ)- ਲੋਕ ਸਭਾ ਚੋਣਾਂ 2019 ਦੇ ਪਹਿਲੇ ਸੈਸ਼ਨ ਦੀ ਵੋਟਿੰਗ ਜਾਰੀ ਹੈ। ਇਸ ਦੌਰਾਨ ਕਈ ਥਾਵਾਂ ਉੱਤੇ ਵੋਟਿੰਗ ਮਸ਼ੀਨਾਂ ਦੀ ਖਰਾਬੀ ਅਤੇ ਕਈ ਥਾਂ ਵੋਟਰਾਂ ਦੇ ਨਾਮ ਸੂਚੀ ਵਿੱਚੋਂ ਗਾਇਬ ਹੋਣ ਦੀ ਗੱਲ ਪਤਾ ਲੱਗੀ ਹੈ ਅਤੇ ਕਈ ਹੈਰਾਨੀ ਵਾਲੀਆਂ ਗੱਲਾਂ ਵੀ ਵਾਪਰੀਆਂ ਹਨ।

ਉੱਤਰ ਪ੍ਰਦੇਸ਼ ਦੇ ਗਾਜ਼ੀਆਬਾਦ ਲੋਕ ਸਭਾ ਸੀਟ ਦੇ ਹੇਠ ਆਉਂਦੇ ਕੈਲਾ ਭੱਟਾ ਇਲਾਕੇ ਦੇ ਬੂਥ ਨੰਬਰ 267 ਵਿੱਚ ਹੈਰਾਨ ਕਰਨ ਵਾਲੀ ਘਟਨਾ ਵਾਪਰੀ ਹੈ। ਇਥੇ ਵੀਰਵਾਰ ਦੁਪਹਿਰ ਨੂੰ ਵੋਟਿੰਗ ਕਰਨ ਲਈ ਗਈ ਰਿਹਾਨਾ ਨਾਮ ਦੀ ਔਰਤ ਨੂੰ ਵੋਟ ਨਹੀਂ ਪਾਉਣ ਦਿੱਤੀ ਗਈ। ਓਥੇ ਬੂਥ ਉੱਤੇ ਬੈਠੇ ਸਟਾਫ ਨੇ ਰਿਹਾਨਾ ਨੂੰ ਦੱਸਿਆ ਕਿ ਉਨ੍ਹਾਂ ਦਾ ਨਾਮ ਵੋਟ ਸੂਚੀ ਵਿੱਚ ਨਹੀਂ ਹੈ। ਉਨ੍ਹਾਂ ਨੇ ਸਵਾਲ ਕੀਤਾ ਕਿ ਉਨ੍ਹਾਂ ਦਾ ਨਾਮ ਕਿਵੇਂ ਕੱਟਿਆ ਗਿਆ? ਜਵਾਬ ਵਿੱਚ ਉਨ੍ਹਾਂ ਦੱਸਿਆ ਕਿ ਵੋਟਰ ਦੀ ਮੌਤ ਹੋ ਚੁੱਕੀ ਹੈ। ਇਹ ਗੱਲ ਸੁਣ ਕੇ ਰਿਹਾਨਾ ਸੁੰਨ ਪੈ ਗਈ। ਦਿੱਲੀ ਨੇੜਲੇ ਗੌਤਮਬੁੱਧ ਨਗਰ ਪਾਰਲੀਮੈਂਟ ਹਲਕੇ ਵਿੱਚ ਵੀ ਏਦਾਂ ਦੀਆਂ ਸਮੱਸਿਆਵਾਂ ਆ ਰਹੀਆਂ ਹਨ।

## ਮਹਿਲਾ ਵਰਕਰ ਦਾ ਸੁਸਾਈਡ:

# ਭਾਜਪਾ ਦੇ ਦੋ ਨੇਤਾਵਾਂ ਸਮੇਤ ਨੌਂ ਜਣਿਆਂ ਵਿਰੁੱਧ ਕੇਸ, ਦੋ ਦੋਸ਼ੀ ਗ੍ਰਿਫਤਾਰ

